# ਅਧਿਆਇ 10
# ਉਪਸੰਹਾਰ

ਅਸਤਰ ਦੀ ਕਿਤਾਬ ਦੀ ਸਮਾਪਤੀ ''ਮਾਰਦਕਈ ਯਹੂਦੀ'' ਦੀਆਂ ਪ੍ਰਾਪਤੀਆਂ ਦੱਸਦੇ ਸੰਖੇਪ ਅਧਿਆਇ ਨਾਲ ਹੁੰਦੀ ਹੈ। ਇਹ ਅਧਿਆਇ ਇਕ ਤਰ੍ਹਾਂ ਨਾਲ ਫਿਨਾਲੇ ਦਾ ਕੰਮ ਕਰਦਾ ਹੈ, ਜਿਸ ਵਿਚ ਕੁਝ ਆਖ਼ਰੀ ਵੇਰਵੇ ਅਤੇ ਵਿਆਖਿਆਵਾਂ ਦਿੱਤੀਆਂ ਗਈਆਂ ਹਨ। ਇਹ ਉਸ ਵੇਰਵੇ ਨੂੰ ਜਿਸ ਵਿਚ ਸਭ ਯਹੂਦੀਆਂ ਦੇ ਖ਼ਤਮ ਹੋ ਜਾਣ ਦਾ ਖ਼ਤਰਾ ਸੀ ''ਇਸ ਤੋਂ ਬਾਅਦ ਖੁਸ਼ੀ ਖੁਸ਼ੀ'' ਨਾਲ ਖ਼ਤਮ ਕਰਦਿਆਂ ਜਾਂ ਘੱਟੋ–ਘੱਟ ''ਜਿੰਨੀ ਦੇਰ ਤਕ ਮਾਰਦਕਈ ਸੱਤਾ ਵਿਚ ਰਿਹਾ ਓਨੀ ਦੇਰ ਤਕ ਖੁਸ਼ੀ ਖੁਸ਼ੀ ਨਾਲ'' ਖ਼ਤਮ ਕਰਦਾ ਹੈ।

ਮਾਈਕਲ ਵੀ. ਫ਼ੌਕਸ, ਜਿਸ ਨੇ ਕਿਤਾਬ ਨੂੰ ਬਾਰਾਂ ''ਜਿਲਦਾਂ'' ਵਿਚ ਵੰਡਿਆ ਹੈ, ਇਸ (ਜਿਲਦ 12) ਨੂੰ ''ਉਪਸੰਹਾਰ'' ਦਾ ਨਾਂਅ ਦਿੱਤਾ।[1] ਅਡੇਲੇ ਬਰਨਰ ਨੇ ਇਹ ਆਖਦਿਆਂ ਕਿ ਇਹ ''ਪ੍ਰਤੀ ਸਿੱਖਰੀ ਜਾਂ ਬਾਹਰੀ'' ਹੈ ਅਤੇ ਇਸ ਨੂੰ ''ਸਮਾਪਕ ਚਿੰਨ੍ਹ'' ਦਾ ਨਾਂਅ ਦਿੰਦਿਆਂ ਇਸ ਵਿਚਾਰ ਦੇ ਉਲਟ ਦਲੀਲ ਦਿੱਤੀ। ਉਸ ਨੇ ਅੱਗੇ ਦੱਸਿਆ ਕਿ ''ਮੁੱਖ ਵਿਰਤਾਂਤ ਇਸ ਸਮੇਂ ਤੋਂ ਇਸ ਦੀ ਕਾਰਵਾਹੀ ਪੂਰੀ ਹੋ ਜਾਣ ਦੇ ਬਾਅਦ ਕਿਸੇ ਸਮੇਂ, ਸੰਭਵ ਤੌਰ ਤੇ ਪਾਠਕਾਂ ਦੇ ਸਮੇਂ ਤਕ ਬਦਲਣ ਨਾਲ ਕਹਾਣੀ ਪੂਰੀ ਹੁੰਦੀ ਹੈ।'' ਇਸ ਕਰਕੇ ਇਹ ''ਪ੍ਰਸਤਾਵਨਾ ਦੀ ਨਕਲ'' ਦਾ ਕੰਮ ਕਰਦੀ ਹੈ ''ਜੋ ਸਰੋਤਿਆਂ ਨੂੰ ਇਸ ਦੇ ਆਪਣੇ ਸਮੇਂ ਤੋਂ ਕਹਾਣੀ ਦੇ ਸਮੇਂ ਤਕ ਲਿਆਉਂਦੀ ਹੈ।''[2]

## ਮਾਰਦਕਈ ਦੀ ਸਫ਼ਲਤਾ (10:1-3)

**[1]ਅਹਸ਼ਵੇਰੋਸ਼ ਪਾਤਸ਼ਾਹ ਨੇ ਧਰਤੀ ਉੱਤੇ ਅਤੇ ਸਮੁੰਦਰ ਦੇ ਟਾਪੂਆਂ ਉੱਤੇ ਮਸੂਲ ਲਾ ਦਿੱਤਾ [2]ਅਤੇ ਉਸ ਦੇ ਬਲ ਅਰ ਸ਼ਕਤੀ ਦੇ ਸਾਰੇ ਕੰਮ ਅਰ ਮਾਰਦਕਈ ਦੇ ਵੱਡੇ ਹੋ ਜਾਣ ਦਾ ਸਾਰਾ ਵਰਨਨ ਕਿ ਪਾਤਸ਼ਾਹ ਨੇ ਉਸ ਨੂੰ ਕਿਵੇਂ ਉੱਚੀ ਪਦਵੀ ਤੀਕ ਲੈ ਆਂਦਾ, ਕੀ ਓਹ ਮਾਦੀ ਅਰ ਫ਼ਾਰਸੀ ਪਾਤਸ਼ਾਹਾਂ ਦੇ ਇਤਹਾਸ ਦੀ ਪੋਥੀ ਵਿਚ ਨਹੀਂ ਲਿਖੇ ਗਏ [3]ਕਿਉਂ ਜੋ ਮਾਰਦਕਈ ਯਹੂਦੀ ਅਹਸ਼ਵੇਰੋਸ਼ ਪਾਤਸ਼ਾਹ ਤੋਂ ਦੂਜੇ ਦਰਜੇ ਵਿਚ ਸੀ ਅਤੇ ਯਹੂਦੀਆਂ ਵਿਚ ਵੱਡਾ ਅਤੇ ਆਪਣੇ ਭਰਾਵਾਂ ਦੀ ਬਿਰਾਦਰੀ ਵਿਚ ਮੰਨਿਆ ਹੋਇਆ ਸੀ ਕਿਉਂ ਜੋ ਉਹ ਆਪਣੇ ਲੋਕਾਂ ਦਾ ਭਲਾ ਚਾਹੁਣ ਵਾਲਾ ਤੇ ਆਪਣੀ ਸਾਰੀ ਨਸਲ ਨਾਲ ਸ਼ਾਂਤੀ ਦੇ ਬਚਨ ਬੋਲਣ ਵਾਲਾ ਸੀ।**

ਤਿੰਨ ਆਇਤਾਂ ਵਾਲਾ ਇਹ ਅਧਿਆਇ ਬਾਦਸ਼ਾਹ ਦੇ ਮਹਾਨ ਹੋਣ ਦੀ ਗੱਲ ਕਰਦਾ ਹੈ, ਪਰ ਅਸਲ ਜ਼ੋਰ ਉਸ ਤੋਂ ਬਾਅਦ ਦੇ ਦੂਜੇ ਅਧਿਕਾਰੀ ਮਾਰਦਕਈ ਦੀ ਸਫ਼ਲਤਾ ਉੱਤੇ ਹੈ।

**ਆਇਤ 1.** ਕਿਤਾਬ ਦੇ ਅਰੰਭ ਵਾਂਗ ਇਸ ਦਾ ਅੰਤ ਵੀ **ਅਹਸ਼ਵੇਰੋਸ਼** ਅਤੇ ਉਸ ਦੀ ਮਹਾਨਤਾ ਦੀ ਗੱਲ ਨਾਲ ਹੁੰਦਾ ਹੈ (1:1, 2 ਦੀ ਤੁਲਨਾ 10:1, 2 ਨਾਲ)। ਅੰਤ ਵਿਚ, ਇਹ ਸਾਫ਼ ਕਰ ਦਿੰਦਾ ਹੈ ਕਿ ਬਾਦਸ਼ਾਹ **ਮਸੂਲ** ਜਾਂ ''ਟੈਕਸ'' (ESV) ਇਕੱਠਾ ਕਰਦਾ ਹੈ। ਇਬਰਾਨੀ ਸ਼ਬਦ *mas* (*ਮਾਸ*) ਹੈ ਜਿਸ ਦਾ ਅਰਥ ਆਮ ਤੌਰ ਤੇ ''ਬੇਗਾਰ'' ਹੁੰਦਾ ਹੈ।[3] ਪਰ ਇੱਥੇ ਸੰਭਵ ਤੌਰ ਤੇ ਕਰ ਜਾਂ ਟੈਕਸ ਹੈ। ਇਹ ਟੈਕਸ **ਧਰਤੀ** ਅਤੇ **ਸਮੁੰਦਰ ਦੇ ਟਾਪੂਆਂ** ਉੱਤੇ ਲਾਇਆ ਜਾਂਦਾ ਸੀ। NRSV ਵਿਚ

ਜ਼ਮੀਨ ਅਤੇ ਸਮੁੰਦਰ ਦੀਆਂ ਸਰਹੱਦਾਂ ਹੈ। ''ਟਾਪੂਆਂ'' ਪੂਰਬੀ ਭੂਮੱਧ ਹੋਵੇਗਾ ਜਿਸ ਉੱਤੇ ਫ਼ਾਰਸ ਦਾ ਕਬਜ਼ਾ ਸੀ। ਸੰਭਵ ਤੌਰ ਤੇ, ਜਿਵੇਂ ਕਿ NIV ਦਾ ਅਨੁਵਾਦ ਹੈ, ਵਿਚਾਰ ਇਹ ਹੈ ਕਿ ''ਦੂਰ ਦੂਰ ਦੀਆਂ ਹੱਦਾਂ ਤਕ, ਪੂਰੀ ਸਲਤਨਤ ਵਿਚ।'' ਇਸ ਵਾਕ ਤੋਂ ਸੰਕੇਤ ਮਿਲਦਾ ਹੈ ਕਿ ਉਸ ਨੇ ਆਪਣੇ ਰਾਜ ਦੇ ਸਭ ਸੂਬਿਆਂ ਉੱਤੇ ਟੈਕਸ ਲਾਇਆ।

ਇੱਥੇ ਟੈਕਸ ਦੀ ਗੱਲ ਕਿਉਂ ਕੀਤੀ ਗਈ ਹੈ? ਇਕ ਵਿਚਾਰ ਇਹ ਹੈ ਕਿ ਟੈਕਸ ਖ਼ੁਦਾ ਦੇ ਰੱਬੀ ਇੰਤਜ਼ਾਮ ਦੀ ਝਲਕ ਦਿੰਦਾ ਹੈ ਕਿ ਅਹਸ਼ਵੇਰੋਸ਼ ਨੂੰ ਯਹੂਦੀਆਂ ਨੂੰ ਬਚਾਉਣ ਦਾ ਇਨਾਮ ਮਿਲਿਆ ਅਤੇ ਉਸ ਧਨ ਦੇ ਨੁਕਸਾਨ ਦਾ ਮੁਆਵਜ਼ਾ ਜਿਹੜਾ ਹਾਮਾਨ ਨੇ ਉਸ ਨੂੰ ਦੇਣ ਦਾ ਵਾਅਦਾ ਕੀਤਾ ਸੀ। ਇਕ ਹੋਰ ਵਿਆਖਿਆ ਇਹ ਹੈ ਕਿ ਲੇਖਕ ਪਾਠਕ ਨੂੰ ਇਹ ਵਿਖਾਉਣਾ ਚਾਹੁੰਦਾ ਸੀ ਕਿ ਇਹ ਟੈਕਸ ਦੀ ਰਾਹਤ ਦਾ ਉਲਟ ਸੀ ਜਿਹੜੀ ਬਾਦਸ਼ਾਹ ਨੇ ਅਸਤਰ ਨਾਲ ਵਿਆਹ ਸਮੇਂ ਆਪਣੇ ਸਰਦਾਰਾਂ ਨੂੰ ਦਿੱਤੀ। 2:18 ਵਿਚ ਜਿਸ ਨੂੰ ''ਮੁਆਫ਼ੀ'' ਕਿਹਾ ਗਿਆ ਹੈ ਉਹ ਮਜ਼ਦੂਰੀ ਤੋਂ ਆਰਾਮ ਜਾਂ ਟੈਕਸ ਚੁਕਾਉਣਾ ਮੁਲਤਵੀ ਹੋ ਸਕਦਾ ਹੈ (ਵੇਖੋ RSV; NJPSV; ESV)।

ਬਹੁਤੀ ਸੰਭਾਵਨਾ ਇਹ ਹੈ ਕਿ ਆਇਤ 1 ਵਿਚ ''ਮਸੂਲ'' ਪ੍ਰਧਾਨ ਮੰਤਰੀ ਦੀ ਤੌਰ ਤੇ ਮਾਰਦਕਈ ਦੀ ਸੇਵਾ ਨਾਲ ਸਬੰਧਿਤ ਹੈ, ਜਿਸ ਦੀ ਗੱਲ ਅਗਲੀ ਆਇਤ ਵਿਚ ਕੀਤੀ ਗਈ ਹੈ। ਇਸ ਵਿਚ ਇਹ ਵਿਚਾਰ ਹੋ ਸਕਦਾ ਹੈ ਕਿ ਮਾਰਦਕਈ ਦੀ ਸਿਫ਼ਾਰਸ਼ ਤੇ, ਬਾਦਸ਼ਾਹ ਨੇ ਟੈਕਸ ਲਾਇਆ ਅਤੇ ਇਕੱਠਾ ਕੀਤਾ ਜਿਸ ਨਾਲ ਬਾਦਸ਼ਾਹ ਦਾ ਖਜ਼ਾਨਾ ਬਹੁਤ ਵਧ ਗਿਆ। ਇਸ ਤੋਂ ਇਹ ਪਤਾ ਲਗ ਸਕਦਾ ਹੈ ਕਿ ਪ੍ਰਧਾਨ ਮੰਤਰੀ ਦੇ ਦੌਰ ਤੇ ਮਾਰਦਕਈ ਨੇ ਆਪਣੇ ਲੋਕਾਂ ਦੀਆਂ ਦਿਲਚਸਪੀਆਂ ਦਾ ਧਿਆਨ ਰੱਖਣ ਦੇ ਇਲਾਵਾ ਬਾਦਸ਼ਾਹ ਦੀ ਵੀ ਚੰਗੀ ਸੇਵਾ ਕੀਤੀ।[4] ਫ਼ਾਰਸ ਵਿਚ ਮਾਰਦਕਈ ਦੀ ਭੂਮਿਕਾ ਨੂੰ ਮਿਸਰ ਵਿਚ ਯੂਸੁਫ਼ ਦੀ ਭੂਮਿਕਾ ਨਾਲ ਮਿਲਾਇਆ ਜਾ ਸਕਦਾ ਹੈ। ਯੂਸੁਫ਼ ਨੇ ਆਪਣੇ ਲੋਕਾਂ ਦੀ ਚੰਗੀ ਸੇਵਾ ਕੀਤੀ; ਪਰ ਫਿਰਊਨ ਤੋਂ ਬਾਅਦ ਦੂਜੇ ਦਰਜੇ ਦੇ ਹਾਕਮ ਦੇ ਤੌਰ ਤੇ, ਉਸ ਨੇ ਮਿਸਰ ਦੇ ਲੋਕਾਂ ਉੱਤੇ ਟੈਕਸ ਲਾ ਕੇ ਬਾਦਸ਼ਾਹ ਨੂੰ ਵੀ ਫ਼ਾਇਦਾ ਪਹੁੰਚਾਇਆ (ਉਤਪਤ 47:23–26)।

**ਆਇਤ 2.** ਅਹਸ਼ਵੇਰੋਸ਼ ਜਾਂ ਅਕਸ਼ਰਕਸ਼ਸ **ਦੇ ਸਾਰੇ ਕੰਮ** (*maʿaśeh,* ਮਾਸੇਹ ''ਕਾਰਨਾਮੇ'') **ਮਾਦੀ ਅਰ ਫ਼ਾਰਸੀ ਪਾਤਸ਼ਾਹਾਂ ਦੇ ਇਤਹਾਸ ਦੀ ਪੋਥੀ ਵਿਚ** ਲਿਖੇ ਗਏ। ਮਾਦੀ ਦਾ ਜ਼ਿਕਰ ਪਹਿਲਾਂ ਹੈ ਕਿਉਂ ਜੇ ਇਹ ਮਾਧਾ ਫ਼ਾਰਸ ਦੀ ਹਕੂਮਤ ਦੇ ਸ਼ੁਰੂ ਵਿਚ ਪ੍ਰਮੁੱਖ ਸੀ, ਜਦ ਜ਼ਾਹਿਰ ਤੌਰ ਤੇ ਇਤਹਾਸ ਲਿਖਿਆ ਜਾਣ ਲੱਗਾ ਸੀ। ਪਰ ਅਸਤਰ ਦੇ ਸਮੇਂ ਤਕ, ਫ਼ਾਰਸ ਭਾਈਵਾਲੀ ਵਿੱਚੋਂ ਵਧੇਰੇ ਸ਼ਕਤੀਸ਼ਾਲੀ ਬਣ ਗਿਆ ਸੀ (1:3, 4 ਤੇ ਟਿੱਪਣੀਆਂ ਵੇਖੋ)। ਦੂਜੇ ਹਰ ਮਾਮਲੇ ਵਿਚ ਅਸਤਰ ਦੀ ਕਿਤਾਬ ਦੇ ਲੇਖਕ ਨੇ ਫ਼ਾਰਸ ਨੂੰ ਮਾਦਾ ਤੋਂ ਪਹਿਲਾਂ ਰੱਖਿਆ (1:3, 14, 19)।

ਭਲਾ ਫ਼ਾਰਸੀ ਹਕੂਮਤ ਦੇ ਇਹ ''ਸਰਕਾਰੀ'' ਰਿਕਾਰਡ ਸਨ ਜਾਂ ਇਨ੍ਹਾਂ ਰਾਜਿਆਂ ਦਾ ਯਹੂਦੀ ਵਿਰਤਾਂਤ? ਐੱਫ਼. ਬੀ. ਹੁਏ, ਜੂਨੀਅਰ, ਦਾ ਮੰਨਣਾ ਸੀ ਕਿ ''ਮਾਰਦਕਈ ਦੀ ਮਹਾਨਤਾ ਦੇ ਪੂਰੇ ਵੇਰਵੇ ਦੇ ਨਾਲ ਨਾਲ ਅਕਸ਼ਰਕਸ਼ਸ ਦੇ ਜ਼ਬਰਦਸਤ ਕੰਮਾਂ ਨੂੰ ਮਾਦਾ ਅਤੇ ਫ਼ਾਰਸ ਦੇ ਬਾਦਸ਼ਾਹਾਂ ਦੇ ਸਰਕਾਰੀ ਇਤਹਾਸ ਦੀ ਕਿਤਾਬ ਵਿਚ ਲਿਖਿਆ ਗਿਆ ਸੀ।''[5] ਇਸ ਦੇ ਉਲਟ, ਜੋਇ ਜੀ. ਬਾਲਡਵਿਨ ਦਾ ਮੰਨਣਾ ਸੀ ਕਿ ਇਹ ''ਯਹੂਦੀ ਰਿਕਾਰਡ, ਜਿਸ ਤਕ ਵਧੇਰੇ ਅਸਾਨੀ ਨਾਲ ਪਹੁੰਚ ਹੋਣੀ ਸੀ'' ਲਈ ਕਿਹਾ ਗਿਆ ਹੈ।[6] ਇਹ ਵਧੇਰੇ ਸੰਭਵ ਹੈ ਕਿ ਇਹ ਮਾਦਾ ਫ਼ਾਰਸੀ ਦਸਤਾਵੇਜ਼ ਦੀ ਗੱਲ ਹੈ (ਵੇਖੋ 2:23; 6:1)। ਭਾਵੇਂ ਪੁਰਾਤੱਤਵ ਵਿਗਿਆਨੀਆਂ ਨੂੰ ਇਹ ਇਤਹਾਸਕ ਦਸਤਾਵੇਜ਼ ਕਦੇ ਨਹੀਂ ਮਿਲੇ, ਪਰ ਕਲਾਕ੍ਰਿਤੀਆਂ ਦਾ ਨਾ ਹੋਣਾ ਇਹ ਸਾਬਤ ਨਹੀਂ ਕਰਦਾ ਕਿ ਉਹ ਕਦੇ ਹੈ ਨਹੀਂ ਸਨ।

ਇਤਹਾਸ ਵਿਚ **ਮਾਰਦਕਈ ਦੇ ਵੱਡੇ ਹੋ ਜਾਣ ਦਾ ਸਾਰਾ ਵਰਣਨ** ਦੇ ਨਾਲ ਨਾਲ ਬਾਦਸ਼ਾਹ ਦੇ **ਬਲ ਅਰ ਸ਼ਕਤੀ** ਬਾਰੇ ਦੱਸਿਆ ਗਿਆ। ਇਸ ਕਰਕੇ ਬਾਅਦ ਵਾਲਾ ਕੋਈ ਪਾਠਕ ਉਨ੍ਹਾਂ ਇਤਹਾਸਕ ਦਸਤਾਵੇਜ਼ਾਂ ਨੂੰ ਵੇਖ ਕੇ ਅਹਸ਼ਵੇਰੋਸ਼ ਅਤੇ ਉਸ ਦੇ ਪ੍ਰਧਾਨ ਮੰਤਰੀ ਮਾਰਦਕਈ ਦੀ ਤਾਕਤ ਦੀ ਵਧੇਰੇ

ਜਾਣਕਾਰੀ ਦਾ ਪਤਾ ਲਾਉਣ ਦੇ ਨਾਲ ਨਾਲ ਲੇਖਕ ਵੱਲੋਂ ਦੱਸੇ ਗਏ ਤੱਥਾਂ ਦੀ ਤਸਦੀਕ ਕਰ ਸਕਦਾ ਸੀ। ਲੇਖਕ ਦੀ ਗੱਲ ਕਿ ਬਾਦਸ਼ਾਹ ਦੇ ''ਸਾਰੇ ਕੰਮ'' ਲਿਖੇ ਗਏ ਸਨ, ਇਹ ਸੰਕੇਤ ਦਿੰਦੀ ਹੈ ਕਿ ਅਸਤਰ ਦੀ ਕਿਤਾਬ ਅਕਸ਼ਰਕਸ਼ਸ ਦੇ ਦਿਨਾਂ ਦੇ ਬਾਅਦ ਤਕ ਨਹੀਂ ਲਿਖੀ ਗਈ।

**ਆਇਤ 3.** ਅਖ਼ੀਰ ਵਿਚ, ਲੇਖਕ ਨੇ **ਮਾਰਦਕਈ ਯਹੂਦੀ** ਦੀਆਂ ਪ੍ਰਾਪਤੀਆਂ ਸਬੰਧੀ ਵੇਰਵੇ ਦੇ ਕੇ ਉਸਦਾ ਗੁਣਗਾਣ ਕੀਤਾ। ਫ਼ਾਰਸੀ ਸਲਤਨਤ ਵਿਚ ਉਹ **ਅਹਸ਼ਵੇਰੋਸ਼ ਪਾਤਸ਼ਾਹ ਤੋਂ ਦੂਜੇ ਦਰਜੇ ਵਿਚ ਸੀ। ਯਹੂਦੀਆਂ ਵਿਚ** ਉਹ **ਵੱਡਾ** ਅਤੇ ਪ੍ਰਸਿੱਧ (**ਆਪਣੇ ਭਰਾਵਾਂ ਦੀ ਬਿਰਾਦਰੀ ਵਿਚ ਮੰਨਿਆ ਹੋਇਆ**) ਸੀ। NRSV ਦਾ ਅਨੁਵਾਦ ਹੈ, ''ਉਹ ਯਹੂਦੀਆਂ ਵਿਚ ਸ਼ਕਤੀਸ਼ਾਲੀ ਅਤੇ ਆਪਣੇ ਬਹੁਤ ਸਾਰੇ ਬਰਾਦਰੀ ਵਾਲਿਆਂ ਵਿਚ ਮਸ਼ਹੂਰ ਸੀ''; NIV ਵਿਚ ਕਿਹਾ ਗਿਆ ਹੈ ਕਿ ਉਹ ''ਯਹੂਦੀਆਂ ਵਿਚ ਪ੍ਰਮੁੱਖ, ਅਤੇ ਆਪਣੇ ਸਾਥੀ ਯਹੂਦੀਆਂ ਵਿਚ ਬਹੁਤ ਸਤਕਾਰਤ ਸੀ।''

ਮਾਰਦਕਈ ਨੇ ਯਹੂਦੀਆਂ ਦਾ **ਭਲਾ** ਚਾਹ ਕੇ ਅਤੇ ਰਾਜ ਦੀ ਸਰਕਾਰ ਨਾਲ ਉਨ੍ਹਾਂ ਦੀਆਂ ਕਾਰਵਾਹੀਆਂ ਵਿਚ ਉਨ੍ਹਾਂ ਦੀ ਨੁਮਾਇੰਦਗੀ ਕਰਕੇ, ਹਰ ਥਾਂ ਉਨ੍ਹਾਂ ਦੀ ਤਰਫ਼ੋਂ ਬਹੁਤ ਮਿਹਨਤ ਕੀਤੀ। NASB ਵਿਚ ਜਿੱਥੇ ਇਹ ਕਿਹਾ ਗਿਆ ਹੈ ਕਿ ਉਹ ਆਪਣੀ ਪੂਰੀ ਕੌਮ ਦੀ ਭਲਾਈ ਲਈ ਬੋਲਦਾ ਸੀ, ਉੱਥੇ ਹੀ KJV ਵਿਚ ਵਧੇਰੇ ਉਦਾਰ ਅਨੁਵਾਦ ਨਾਲ ਉਸ ਨੂੰ **ਆਪਣੀ ਸਾਰੀ ਨਸਲ ਨਾਲ ਸ਼ਾਂਤੀ ਦੇ ਬਚਨ ਬੋਲਣ ਵਾਲਾ** ਕਿਹਾ ਗਿਆ ਹੈ। ਭਾਵੇਂ ''ਨਸਲ'' (*zera'*, *ਜ਼ੇਰਾ*) ਦਾ ਅਰਥ ''ਸੰਤਾਨ'' (NRSV) ਹੈ, ਪਰ ਵਧੇਰੇ ਅਨੁਵਾਦਕ ਇਸ ਦਾ ਅਰਥ ਮਾਰਦਕਈ ਦੀ ਆਪਣੀ ਸੰਤਾਨ ਦੀ ਬਜਾਇ ਮਾਰਦਕਈ ਦੇ ਲੋਕ ਜਾਂ ਯਹੂਦੀ ਕੌਮ ਲੈਂਦੇ ਸਨ।[7] ''ਸ਼ਾਂਤੀ'' ਜਾਂ ''ਭਲਿਆਈ'' ਇਬਰਾਨੀ ਸ਼ਬਦ *shalom* (*ਸ਼ਾਲੋਮ*) ਤੋਂ ਲਿਆ ਗਿਆ ਹੈ, ''ਜਿਸ ਦਾ ਅਰਥ ਹਰ ਤਰ੍ਹਾਂ ਦੀ ਖੁਸ਼ਹਾਲੀ, ਸਿਹਤ, ਸੁਰੱਖਿਆ, ਚੀਜ਼ਾਂ ਦੀ ਬਹੁਤਾਇਤ ਅਤੇ ਚੰਗੇ ਸਬੰਧ ਹੈ।''[8] ਆਪਣੇ ਲੋਕਾਂ ਲਈ *ਸ਼ਾਲੋਮ* ਲਈ ਕੋਸ਼ਿਸ਼ ਕਰਦਿਆਂ ਮਾਰਦਕਈ ਨੇ ਸਲਤਨਤ ਦੇ *ਸ਼ਾਲੋਮ* ਵਿਚ ਵੀ ਯੋਗਦਾਨ ਦਿੱਤਾ।

ਕਿਤਾਬ, ਜੋ ਅਸਤਰ ਦੀ ਪਛਾਣ ਤੋਂ ਪਹਿਲਾਂ ਮਾਰਦਕਈ ਦਾ ਜ਼ਿਕਰ ਕਰਦੀ ਹੈ (2:5–7), ਅਸਤਰ ਦੇ ਆਖ਼ਰੀ ਵਾਰ ਜ਼ਿਕਰ ਤੋਂ ਬਾਅਦ ਮਾਰਦਕਈ ਦੀ ਕਹਾਣੀ ਬਾਰੇ ਹੋਰ ਦੱਸਣ ਨਾਲ ਖ਼ਤਮ ਹੁੰਦੀ ਹੈ। ਇਉਂ ਲਗਦਾ ਹੈ ਜਿਵੇਂ ਲੇਖਕ ਇਹ ਕਹਿਣਾ ਚਾਹੁੰਦਾ ਹੋਵੇ ਕਿ ਅਸਤਰ ਦੀਆਂ ਵੱਡੀਆਂ ਪ੍ਰਾਪਤੀਆਂ ਵਿੱਚੋਂ ਇਕ ਮਾਰਦਕਈ ਨੂੰ ਪ੍ਰਧਾਨ ਮੰਤਰੀ ਬਣਾਉਣਾ ਸੀ, ਤਾਂ ਜੋ ਬਦਲੇ ਵਿਚ ਉਹ ਯਹੂਦੀਆਂ ਨੂੰ ਉਸ ਅਹੁਦੇ ਦਾ ਫ਼ਾਇਦਾ ਦੇ ਸਕਦਾ। ਇਸ ਨੂੰ ਧਿਆਨ ਵਿਚ ਰੱਖਦਿਆਂ, ਖ਼ੁਦਾ ਦਾ ਰੱਬੀ ਇੰਤਜ਼ਾਮ ਅਸਤਰ ਦੇ ਉੱਚੇ ਅਹੁਦੇ ਤੋਂ ਰਾਣੀ ਬਣਨ ਨਾਲ ਸਿਰਫ਼ ਯਹੂਦੀਆਂ ਨੂੰ ਖਾਤਮੇ ਤੋਂ ਬਚਾਉਣ ਲਈ ਨਹੀਂ ਬਲਕਿ ਇਸ ਨਾਲ ਫ਼ਾਰਸੀ ਸਰਕਾਰ ਵਿਚ ਐਨੇ ਉੱਚੇ ਅਹੁਦੇ ਤੇ ਉਨ੍ਹਾਂ ਦਾ ਆਪਣਾ ਬੰਦਾ ਹੋਣ ਨਾਲ ਅਗਲੇ ਸਾਲਾਂ ਵਿਚ ਮਿਲਣ ਵਾਲੀਆਂ ਉਨ੍ਹਾਂ ਦੀਆਂ ਬਰਕਤਾਂ ਵੀ ਸੀ।

## ਪ੍ਰਸੰਗਿਕਤਾ

### ਇਕ ਦੂਜੇ ਦੀ ਮਦਦ ਕਰਨ ਨਾਲ ਵੱਡੇ ਬਣਨਾ (ਅਧਿਆਇ 10)

ਅਸਤਰ ਦੀ ਕਿਤਾਬ ਮਾਰਦਕਈ ਦੇ ਵੱਡਾ ਬਣਨ ਉੱਤੇ ਜ਼ੋਰ ਦੇਣ ਨਾਲ ਖ਼ਤਮ ਹੁੰਦੀ ਹੈ। ਸੋ ਇਕ ਅਰਥ ਵਿਚ ਅਸਤਰ ਦੀ ਕਹਾਣੀ ਮਾਰਦਕਈ ਨਾਲ ਹੀ ਸ਼ੁਰੂ ਹੁੰਦੀ ਹੈ ਅਤੇ ਮਾਰਦਕਈ ਨਾਲ ਹੀ ਖ਼ਤਮ ਹੁੰਦੀ ਹੈ (2:5; 10:3)। ਕੋਈ ਸਨਕੀ ਇਹ ਆਖ ਸਕਦਾ ਹੈ ਕਿ ਇਹ ਇਕ ਨਰ ਦੇਸ਼ਭਗਤ ਵੱਲੋਂ ਲਿਖੀ ਗਈ ਜਿਹਦੀ ਦਿਲਚਸਪੀ ਸਿਰਫ਼ ਇਸ ਕਰਕੇ ਸੀ ਕਿ ਉਹ ਮਾਰਦਕਈ ਦੇ ਉੱਚਾ ਹੋਣ ਵਿਚ ਯੋਗਦਾਨ ਦਵੇ। ਇਸ ਦੇ ਉਲਟ, ਕਿਤਾਬ ਇਕ ਦੂਜੇ ਨੂੰ ਉੱਚਾ ਕਰਨ ਦੇ ਮਹੱਤਵ ਨੂੰ ਵਿਖਾਉਂਦੀ ਹੈ।

ਬਾਈਬਲ ਦੀਆਂ ਦੋ ਹੋਰ ਕਹਾਣੀਆਂ ਇਸ ਨਾਲ ਮਿਲਦੀਆਂ ਜੁਲਦੀਆਂ ਹਨ। ਰੂਥ ਦੀ ਕਹਾਣੀ ਰੂਤ ਬਾਰੇ ਹੈ; ਪਰ ਇਹ ਸ਼ੁਰੂ ਅਤੇ ਖ਼ਤਮ ਉਸਦੀ ਸੱਸ ਨਾਓਮੀ ਨਾਲ ਹੁੰਦੀ ਹੈ (ਰੂਥ 1:1, 2; 4:14–17)। ਨਾਓਮੀ ਦੀ ਮਦਦ ਕਰਨ ਲਈ ਰੂਥ ਵੱਲੋਂ ਸਭ ਕੁਝ ਕੀਤੇ ਜਾਣ ਤੋਂ ਬਾਅਦ, ਕਹਾਣੀ ਦੇ ਅਖ਼ੀਰ ਵਿਚ ਸਨਮਾਨ ਨਾਓਮੀ ਨੂੰ ਮਿਲਦਾ ਹੈ। ਜਦ ਰੂਥ ਦੇ ਬੋਅਜ਼ੋਨ ਦੇ ਇਕ ਪੁੱਤਰ ਪੈਦਾ ਹੋਇਆ, ਤਾਂ ਸ਼ਹਿਰ ਦੀਆਂ ਔਰਤਾਂ ਨੇ ਨਾਓਮੀ ਨੂੰ ਅਸੀਸ ਦੇ ਕੇ ਉਸ ਦਾ ਜਸ਼ਨ ਮਨਾਇਆ। ਰੂਥ ਵਫ਼ਾਦਾਰ ਅਤੇ ਹਿੰਮਤੀ ਸੀ, ਪਰ ਧਿਆਨ ਨਾਓਮੀ ਵੱਲ ਖਿੱਚਿਆ ਗਿਆ। ਇਸੇ ਤਰ੍ਹਾਂ ਨਾਲ ਯੂਸੁਫ਼ ਦੀ ਕਹਾਣੀ ਦੀ ਸ਼ੁਰੂਆਤ ਯਾਕੂਬ ਬਾਰੇ ਗੱਲਾਂ ਨਾਲ ਹੁੰਦੀ ਹੈ (ਉਤਪਤ 37:1, 2) ਅਤੇ ਇਸ ਦਾ ਅੰਤ ਯਾਕੂਬ ਦੀ ਮੌਤ ਅਤੇ ਦਫ਼ਨਾਏ ਜਾਣ ਦੇ ਵਿਰਤਾਂਤ ਨਾਲ ਹੁੰਦਾ ਹੈ (ਉਤਪਤ 49:1–50:14)। ਲਗਦਾ ਹੈ ਕਿ ਵਚਨ ਵਿਚ ਇਹ ਜ਼ੋਰ ਦੇਣ ਤੇ ਧਿਆਨ ਦਿੱਤਾ ਗਿਆ ਹੈ ਕਿ ਯੂਸੁਫ਼ ਦੀਆਂ ਸਾਰੀਆਂ ਪ੍ਰਾਪਤੀਆਂ ਉਹਦੀ ਆਪਣੀ ਵਡਿਆਈ ਲਈ ਨਹੀਂ ਬਲਕਿ ਉਹਦੇ ਪਿਤਾ ਦੇ ਟੀਚਿਆਂ ਨੂੰ (ਜਾਂ ਯਾਕੂਬ ਲਈ ਖ਼ੁਦਾ ਦੇ ਟੀਚਿਆਂ ਨੂੰ) ਹਾਸਿਲ ਕਰਨ ਲਈ ਤਿਆਰ ਕੀਤੀਆਂ ਗਈਆਂ ਸਨ।

ਇਹ ਤਿੰਨੇ ਦੀਆਂ ਤਿੰਨੇ ਕਹਾਣੀਆਂ ਮਦਦ ਕਰਨ ਵਾਲੇ ਲੋਕਾਂ ਦੀ ਅਹਿਮੀਅਤ ਦੀ ਗਵਾਹੀ ਦਿੰਦੀਆਂ ਹਨ। ਉਹ ਸੁਝਾਅ ਦਿੰਦੀਆਂ ਹਨ ਕਿ ਦੂਜਿਆਂ ਦੀ ਮਦਦ ਕਰਕੇ ਖ਼ੁਦਾ ਦੀ ਸੇਵਾ ਕਰਨ ਵਾਲੇ ਲੋਕ ਵੱਡੇ ਬਣ ਜਾਂਦੇ ਹਨ ਅਤੇ ਉਹ ਆਪਣੇ ਆਪ ਹੀ ਵਿਚ ਵੱਡੇ ਹਨ!

ਨਵੇਂ ਨੇਮ ਦੀਆਂ ਜਿਹੜੀਆਂ ਉਦਾਹਰਣਾਂ ਧਿਆਨ ਵਿਚ ਆਉਂਦੀਆਂ ਹਨ ਉਨ੍ਹਾਂ ਵਿੱਚੋਂ ਯੂਹੰਨਾ ਬਪਤਿਸਮਾ ਦੇਣ ਵਾਲਾ ਵੀ ਹੈ, ਜਿਸ ਨੇ ਇਹ ਆਖਦੇ ਹੋਏ ਯਿਸੂ ਮਸੀਹ ਦਾ ਰਾਹ ਤਿਆਰ ਕੀਤਾ ਸੀ ਕਿ ''ਜ਼ਰੂਰ ਹੈ ਜੋ ਉਹ ਵਧੇ ਅਤੇ ਮੈਂ ਘਟਾਂ'' (ਯੂਹੰਨਾ 3:30)। ਅੰਦ੍ਰਿਆਸ ਆਪਣੇ ਭਰਾ ਪਤਰਸ ਨੂੰ ਮਸੀਹ ਦੇ ਕੋਲ ਲੈ ਕੇ ਆਇਆ (ਯੂਹੰਨਾ 1:40, 41), ਜਦ ਕਿ ਪਤਰਸ ਯਿਸੂ ਦੇ ਚੇਲਿਆਂ ਵਿੱਚੋਂ ਵਧੇਰੇ ਪ੍ਰਮੁੱਖ ਬਣ ਗਿਆ।

ਸਾਨੂੰ ਉਨ੍ਹਾਂ ਲੋਕਾਂ ਦੀ ਤਾਰੀਫ਼ ਕਰਨੀ ਚਾਹੀਦੀ ਹੈ ਜਿਹੜੇ ਦੂਜਿਆਂ ਨੂੰ ਵੱਡਾ ਬਣਨ ਵਿਚ ਮਦਦ ਕਰਦੇ ਹਨ। ਨਾਲੇ ਯੋਗ ਟੀਚਿਆਂ ਨੂੰ ਹਾਸਿਲ ਕਰਨ ਲਈ ਦੂਜਿਆਂ ਦੀ ਮਦਦ ਕਰਨ ਵਿਚ ਸਾਨੂੰ ਹਰ ਮੌਕੇ ਦੀ ਵਰਤੋਂ ਕਰਨੀ ਚਾਹੀਦੀ ਹੈ, ਭਾਵੇਂ ਉਨ੍ਹਾਂ ਦੇ ਵੱਡੇ ਹੋਣ ਨਾਲ ਅਸੀਂ ਨਜ਼ਰਅੰਦਾਜ਼ ਹੀ ਕਿਉਂ ਨਾ ਹੋ ਜਾਈਏ। ਕਿਸੇ ਨੂੰ ਧਿਆਨ ਹੋਵੇ ਜਾਂ ਨਾ, ਕਿ ਅਸੀਂ ਕਿਸੇ ਹੋਰ ਨੂੰ ਵੱਡਾ ਬਣਨ ਵਿਚ ਮਦਦ ਕੀਤੀ ਹੈ, ਪਰ ਖ਼ੁਦਾ ਜਾਣਦਾ ਹੈ ਕਿ ਅਸੀਂ ਕੀ ਕੀਤਾ ਹੈ ਅਤੇ ਉਹ ਸਾਨੂੰ ਇਸ ਦਾ ਇਨਾਮ ਦਵੇਗਾ।

**ਅਸਤਰ ਵਿੱਚੋਂ ਖ਼ੁਦਾ ਨੂੰ ਲੱਭਣਾ**

ਇਸ ਪਾਠ ਵਿਚ ਮੈਂ ਤੁਹਾਨੂੰ ਇਕ ਤਰ੍ਹਾਂ ਦੇ ਖ਼ਜ਼ਾਨੇ ਦੀ ਖੋਜ ਵਿਚ ਲਿਜਾਉਣਾ ਚਾਹੁੰਦਾ ਹਾਂ। ਅਸੀਂ ਕਿਸੇ ਚੀਜ਼ ਬਲਕਿ ਕਿਸੇ ਵਿਅਕਤੀ ਦੀ ਤਲਾਸ਼ ਕਰਾਂਗੇ। ਉਹ ਕੌਣ ਹੈ? ਅਸੀਂ ਖ਼ੁਦਾ ਦੀ ਤਲਾਸ਼ ਕਰਾਂਗੇ? ਖ਼ਾਸ ਤੌਰ ਤੇ ਅਸੀਂ ਅਸਤਰ ਦੀ ਕਿਤਾਬ ਵਿਚ ਖ਼ੁਦਾ ਦੀ ਤਲਾਸ਼ ਕਰਾਂਗੇ।

ਕਿਉਂ? ਸਾਨੂੰ ਕਿਤਾਬ ਵਿਚ ਖ਼ੁਦਾ ਦੀ ਤਲਾਸ਼ ਕਰਨ ਦੀ ਕੀ ਲੋੜ ਹੈ? ਯਕੀਨਨ, ਬਾਈਬਲ ਦੀ ਕਿਸੇ ਵੀ ਕਿਤਾਬ ਵਿੱਚੋਂ ਖ਼ੁਦਾ ਨੂੰ ਲੱਭਣਾ ਮੁਸ਼ਕਿਲ ਨਹੀਂ ਹੋਣਾ ਚਾਹੀਦਾ, ਪਰ ਬਾਈਬਲ ਦੀ ਇਸ ਕਿਤਾਬ ਵਿਚ ਖ਼ੁਦਾ ਦਾ ਕੋਈ ਸਿੱਧਾ ਹਵਾਲਾ ਨਹੀਂ ਹੈ!

ਇਹ ਸਾਨੂੰ ਬਾਈਬਲ ਦੀ ਇਸੇ ਕਿਤਾਬ ਵਿਚ ਮਿਲਦਾ ਹੈ, ਇਸ ਕਰਕੇ ਸਾਨੂੰ ਨਹੀਂ ਲਗਦਾ ਕਿ ਇਹਦਾ ਖ਼ੁਦਾ ਨਾਲ ਕੋਈ ਵਾਸਤਾ ਹੋਵੇ। ਇਸ ਕਰਕੇ ਇਹ ਵੇਖਣਾ ਚੰਗਾ ਹੋਵੇਗਾ ਕਿ ਇਸ ਕਿਤਾਬ ਵਿਚ ਸਾਨੂੰ ਖ਼ੁਦਾ ਮਿਲ ਸਕਦਾ ਹੈ ਜਾਂ ਨਹੀਂ। ਅਜਿਹਾ ਕਰਕੇ ਅਸੀਂ ਇਹ ਪਤਾ ਲਾ ਸਕਦੇ ਹਾਂ ਕਿ ਜਦ ਸਾਡੀਆਂ ਜ਼ਿੰਦਗੀਆਂ ਵਿਚ ਲਗਦਾ ਹੈ ਕਿ ਖ਼ੁਦਾ ਨਹੀਂ ਹੈ, ਤਾਂ ਉਦੋਂ ਉਹ ਕਿੱਥੇ ਹੁੰਦਾ ਹੈ।

*ਜਿਲਦ 1. ਅਸਤਰ ਦੀ ਕਹਾਣੀ।*ਅਸਤਰ ਦੀ ਕਿਤਾਬ ਇਕ ਕਹਾਣੀ ਦੱਸਦੀ ਹੈ। (ਉਸ ਕਹਾਣੀ

ਨੂੰ ਫੇਰ ਤੋਂ ਦੱਸ ਕੇ ਅਸੀਂ ਵਿਚਾਰ ਕਰਾਂਗੇ ਕਿ ਖ਼ੁਦਾ ਇਸ ਵਿਰਤਾਂਤ ਵਿਚ ਕਿੱਥੇ ਮੇਲ ਖਾਂਦਾ ਹੈ।)

ਪਿਛੋਕੜ।

ਕਿਤਾਬ ਦੇ ਪਹਿਲੇ ਦੋ ਅਧਿਆਇਆਂ ਵਿਚ, ਇਕ ਯਹੂਦੀ ਕੁੜੀ ਅਸਤਰ ਸ਼ਕਤੀਸ਼ਾਲੀ ਫ਼ਾਰਸੀ ਸਲਤਨਤ ਦੀ ਰਾਣੀ ਬਣ ਗਈ। ਅਜਿਹਾ ਕਿਵੇਂ ਹੋ ਸਕਿਆ?

ਅਧਿਆਇ 1. ਅਹਸ਼ਵੇਰੋਸ਼ ਜਿਸ ਨੂੰ ਅਕਸ਼ਰਕਸ਼ਸ ਕਰਕੇ ਵੀ ਜਾਣਿਆ ਜਾਂਦਾ ਹੈ, ਨੇ ਆਪਣੀ ਵੱਡੀ ਸਲਤਨਤ ਦੇ ਵੱਡੇ-ਵੱਡੇ ਲੋਕਾਂ ਨੂੰ ਇਕ ਦਾਅਵਤ ਲਈ, ਫ਼ਾਰਸੀ ਸਲਤਨਤ ਦੀ ਰਾਜਧਾਨੀ, ਸ਼ੂਸ਼ਨ ਵਿਚ ਆਉਣ ਲਈ ਸੱਦਾ ਦਿੱਤਾ। ਉਹ ਆਪਣੀ ਵੱਡੀ ਦੌਲਤ ਦਾ ਮੁਜ਼ਾਹਰਾ ਕਰਕੇ ਆਪਣੀ ਮਸ਼ਹੂਰੀ ਅਤੇ ਤਾਕਤ ਨੂੰ ਵਿਖਾਉਣਾ ਚਾਹੁੰਦਾ ਸੀ। ਦਾਅਵਤ ਕਈ ਮਹੀਨਿਆਂ ਤਕ ਚੱਲੀ। ਇਸ ਤੋਂ ਬਾਅਦ ਇਕ ਹੋਰ ਦਾਅਵਤ ਹੋਈ ਜਿਹੜੀ ਹਫ਼ਤਾ ਭਰ ਚੱਲੀ; ਇਹ ਸ਼ੂਸ਼ਨ ਦੇ ਕਿਲ੍ਹੇ ਵਿਚ ਰਹਿਣ ਵਾਲਿਆਂ ਲਈ ਦਿੱਤੀ ਗਈ। ਖਾਣਾ ਅਤੇ ਦਾਖਰਸ ਭਰਪੂਰ ਸੀ। ਕੋਈ ਸ਼ੱਕ ਨਹੀਂ ਕਿ ਬੰਦਿਆਂ ਨੇ ਇਸ ਪੇਟੂਪੁਣੇ ਅਤੇ ਸ਼ਰਾਬਖੋਰੀ ਦਾ ਪੂਰਾ ਮਜ਼ਾ ਲਿਆ। ਸਤਵੇਂ ਦਿਨ, ਜਦ ਦਾਅਵਤ ਪੂਰੇ ਜ਼ੋਰ ਤੇ ਸੀ, ਟੁੰਨ ਹੋਏ ਅਹਸ਼ਵੇਰੋਸ਼ ਨੇ ਆਪਣੇ ਵੱਡੇ ਖਜ਼ਾਨੇ ਦਾ ਵਿਖਾਵਾ ਕਰਨ ਦਾ ਫ਼ੈਸਲਾ ਕੀਤਾ। ਉਸ ਨੇ ਆਪਣੀ ਰਾਣੀ ਵਸ਼ਤੀ ਨੂੰ ਆਣ ਕੇ ਸ਼ਰਾਬੀਆਂ ਦੀ ਭੀੜ ਦੇ ਸਾਹਮਣੇ ਆਪਣੀ ਖ਼ੂਬਸੂਰਤ ਨੂੰ ਵਿਖਾਉਣ ਦਾ ਹੁਕਮ ਦਿੱਤਾ। ਵਸ਼ਤੀ ਨੇ ਇਨਕਾਰ ਕਰ ਦਿੱਤਾ, ਜਿਸ ਨਾਲ ਬਾਦਸ਼ਾਹ ਚਿੜ ਗਿਆ। ਜਿਸ ਕਰਕੇ ਉਹ ਨੇ ਵਸ਼ਤੀ ਨੂੰ ਗੱਦੀਉਂ ਲਾ ਦਿੱਤਾ ਅਤੇ ਹੁਣ ਉਹ ਮਲਕਾ ਨਹੀਂ ਰਹੀ।

ਅਧਿਆਇ 2. ਬਾਅਦ ਵਿਚ ਆਪਣੇ ਅਫ਼ਸਰਾਂ ਦੀ ਸਲਾਹ ਤੇ, ਅਹਸ਼ਵੇਰੋਸ਼ ਨੇ ਸਲਤਨਤ ਵਿਚ ਆਪਣੀ ਰਾਣੀ ਬਣਾਉਣ ਅਤੇ ਵਸ਼ਤੀ ਦੀ ਥਾਂ ਸਭ ਤੋਂ ਸੋਹਣੀਆਂ ਕੁੜੀਆਂ ਸਭ ਤੋਂ ਖ਼ੂਬਸੂਰਤ ਮੁਟਿਆਰ ਨੂੰ ਚੁਣਨ ਲਈ ਖ਼ੂਬਸੂਰਤੀ ਦਾ ਮੁਕਾਬਲਾ ਕਰਾਉਣ ਦੀ ਸਲਾਹ ਦਿੱਤੀ। ਇੱਥੇ ਸਾਡੀ ਜਾਣਪਛਾਣ ਅਸਤਰ ਨਾਲ ਕਰਵਾਈ ਜਾਂਦੀ ਹੈ। ਉਹਦਾ ਇਬਰਾਨੀ ਨਾਂਅ ''ਹੱਦਸਾਹ'' ਸੀ (ਜਿਸਦਾ ਅਰਥ ''ਹਿਨਾ'' ਹੈ)। ਉਹ ਯਤੀਮ ਸੀ ਜਿਸ ਦੀ ਪਰਵਰਿਸ਼ ਉਸ ਦੇ ਵੱਡੇ ਭਰਾ (ਤਾਏ ਦੇ ਪੁੱਤ) ਮਾਰਦਕਈ ਨੇ ਕੀਤੀ। ਉਸ ਨੇ ਖ਼ੂਬਸੂਰਤੀ ਦੇ ਇਸ ਮੁਕਾਬਲੇ ਵਿਚ ਹਿੱਸਾ ਲਿਆ। ਭਾਵੇਂ ਉਹਦੀ ਆਪਣੀ ਮਰਜ਼ੀ ਨਾਲ ਜਾਂ ਉਸ ਤੋਂ ਜ਼ਬਰਸਤੀ ਹਿੱਸਾ ਦੁਆਇਆ ਗਿਆ। ਫਿਰ ਅਚਾਨਕ ਬਾਦਸ਼ਾਹ ਦੇ ਜਨਾਨਖਾਨੇ ਦੇ ਇੰਚਾਰਜ ਦੀ ਮਦਦ ਨਾਲ ਉਹ ਮੁਕਾਬਲਾ ਜਿੱਤ ਗਈ! ਉਹ ਗੁਮਨਾਮ ਯਹੂਦੀ ਯਤੀਮ ਕੁੜੀ ਤੋਂ ਵੱਡੇ ਫ਼ਾਰਸੀ ਸਲਤਨਤ ਦੀ ਰਾਣੀ ਦੇ ਰੂਪ ਵਿਚ ਹਕੂਮਤ ਕਰਨ ਵਾਲੀ ਬਣ ਗਈ!

ਫਿਰ ਕਿਤਾਬ ਵਿਚ ਇਕ ਮਾਮੂਲੀ ਲੱਗਣ ਵਾਲੀ ਗੱਲ ਮਿਲਦੀ ਹੈ। ਮਾਰਦਕਈ ਜਦ ਬਾਦਸ਼ਾਹ ਦੇ ਮਹਿਲ ਦੇ ਬਾਹਰ ਬੈਠਾ ਹੋਇਆ ਸੀ, ਤਾਂ ਉਸ ਨੂੰ ਬਾਦਸ਼ਾਹ ਦਾ ਕਤਲ ਕਰਨ ਦੀ ਸਾਜ਼ਸ਼ ਕਰਦੇ ਦੋ ਬੰਦਿਆਂ ਦੀ ਗੱਲਬਾਤ ਸੁਣਾਈ ਦਿੱਤੀ। ਉਸ ਵੱਲੋਂ ਉਨ੍ਹਾਂ ਦੀ ਯੋਜਨਾ ਦੀ ਖ਼ਬਰ ਦਿੱਤੇ ਜਾਣ ਨਾਲ ਤਾਂ ਬਾਦਸ਼ਾਹ ਦੀ ਜਾਨ ਬਚ ਗਈ, ਸਾਜ਼ਸ਼ ਕਰਨ ਵਾਲਿਆਂ ਨੂੰ ਫਾਂਸੀ ਦੇ ਦਿੱਤੀ ਗਈ, ਅਤੇ ਮਾਰਦਕਈ ਦਾ ਕਾਰਨਾਮਾ ਰਾਜਿਆਂ ਦੇ ਇਤਹਾਸ ਦੀ ਕਿਤਾਬ ਵਿਚ ਦਰਜ ਕਰ ਦਿੱਤਾ ਗਿਆ। ਫਿਰ ਇਸ ਘਟਨਾ ਬਾਰੇ ਹੋਰ ਕੁਝ ਨਾ ਆਖਦੇ ਹੋਏ, ਕਹਾਣੀ ਅੱਗ ਤੁਰਦੀ ਹੈ।

ਝਗੜਾ।

ਅਧਿਆਇ 3. ਇਸ ਅਧਿਆਇ ਵਿਚ ਸਾਨੂੰ ਉਸ ਝਗੜੇ ਬਾਰੇ ਪਤਾ ਲਗਦਾ ਹੈ ਜਿਸ ਤੋਂ ਬਾਕੀ ਦੀ ਕਹਾਣੀ ਦੀ ਪ੍ਰੇਰਣਾ ਮਿਲਦੀ ਹੈ। ਸਾਡੀ ਪਛਾਣ ਖਲਨਾਇਕ ਹਾਮਾਨ ਨਾਲ ਕਰਵਾਈ ਜਾਂਦੀ ਹੈ। ਉਹ ਬਾਦਸ਼ਾਹ ਦਾ ਪਸੰਦੀਦਾ ਦਰਬਾਰੀ ਬਣ ਗਿਆ ਅਤੇ ਉਸ ਨੂੰ ਬਾਦਸ਼ਾਹ ਦਾ ਪ੍ਰਧਾਨ ਮੰਤਰੀ ਬਣਾ ਦਿੱਤਾ ਗਿਆ। ਉਹ ਇਕ ਅੱਖੜ ਆਦਮੀ ਸੀ ਅਤੇ ਆਪਣੀ ਤਰੱਕੀ ਤੋਂ ਬਾਅਦ ਉਹ ਘਮੰਡ ਨਾਲ ਫੁੱਲ ਗਿਆ।

ਪਰ ਇਕ ਦਿੱਕਤ ਸੀ ਕਿ ਬਾਕੀ ਲੋਕਾਂ ਦੇ ਉਲਟ ਮਾਰਦਕਈ ਯਹੂਦੀ ਨੇ ਉਹਦੇ ਅੱਗੇ ਝੁਕਣ

ਤੋਂ ਜਾਂ ਉਹ ਨੂੰ ਸਿਜਦਾ ਕਰਨ ਤੋਂ ਇਨਕਾਰ ਕਰ ਦਿੱਤਾ। ਕਿਉਂ? ਕੋਈ ਨਹੀਂ ਜਾਣਦਾ। ਯਕੀਨਨ ਹੀ ਕਿਸੇ ਯਹੂਦੀ ਲਈ ਕਿਸੇ ਬਾਹਰੀ ਰਾਜੇ ਜਾਂ ਅਧਿਕਾਰੀ ਅੱਗੇ ਝੁਕਣਾ ਮੂਸਾ ਦੀ ਸ਼ਰ੍ਹਾ ਦੇ ਖ਼ਿਲਾਫ਼ ਨਹੀਂ ਸੀ। ਹੋ ਸਕਦਾ ਹੈ ਕਿ ਹਾਮਾਨ ਆਪਣੇ ਆਪ ਨੂੰ ਦੇਵਤਾ ਦੱਸਦਾ ਹੋਵੇ ਅਤੇ ਮਾਰਦਕਈ ਦਾ ਵਿਸ਼ਵਾਸ ਸੀ ਕਿ ਉਹਦੇ ਅੱਗੇ ਝੁਕਣ ਦਾ ਮਤਲਬ ਯਹੋਵਾਹ ਨੂੰ ਛੱਡ ਕਿਸੇ ਹੋਰ ਦੇਵੀ ਦੇਵਤੇ ਦੀ ਪੂਜਾ ਕਰਨ ਵਰਗਾ ਹੋਵੇਗਾ। ਹੋ ਸਕਦਾ ਹੈ ਕਿ ਮਾਰਦਕਈ ਹਾਮਾਨ ਨੂੰ ਕਿਸੇ ਹੋਰ ਕਾਰਣ ਕਰਕੇ ਪਸੰਦ ਨਾ ਕਰਦਾ ਹੋਵੇ! ਜੋ ਵੀ ਕਾਰਣ ਹੋਵੇ, ਮਾਰਦਕਈ ਨੇ ਹਾਮਾਨ ਦੇ ਅੱਗੇ ਝੁਕਣ ਤੋਂ ਇਨਕਾਰ ਕਰ ਦਿੱਤਾ।

ਮਾਰਦਕਈ ਦੀ ਗੁਸਤਾਖ਼ੀ ਨਾਲ ਹਾਮਾਨ ਬਹੁਤ ਨਾਰਾਜ਼ ਹੋ ਗਿਆ। ਉਹਦੇ ਹੰਕਾਰ ਨੂੰ ਵੀ ਠੇਸ ਲੱਗੀ, ਜਿਸ ਕਰਕੇ ਉਸ ਨੇ ਇਸ ਦਾ ਕੁਝ ਕਰਨ ਦਾ ਫ਼ੈਸਲਾ ਕੀਤਾ। ਮਾਰਦਕਈ ਯਹੂਦੀ ਸੀ, ਇਸ ਕਰਕੇ ਹਾਮਾਨ ਨੇ ਸਭ ਯਹੂਦੀਆਂ ਨੂੰ ਖ਼ਤਮ ਕਰਕੇ ਉਸ ਨੂੰ ਸਜ਼ਾ ਦੇਣ ਦਾ ਫ਼ੈਸਲਾ ਕੀਤਾ! ਉਹਨੇ ਯਹੂਦੀਆਂ ਬਾਰੇ ਝੂਠੀਆਂ ਗੱਲਾਂ ਦੱਸੀਆਂ ਅਤੇ ਬਾਦਸ਼ਾਹ ਨੂੰ ਉਸ ਨੂੰ ਸ਼ਾਹੀ ਮੋਹਰ ਲੱਗਾ ਐਲਾਨ ਛਾਇਆ ਕਰਨ ਦੀ ਇਜਾਜ਼ਤ ਦੇਣ ਲਈ ਮਨਾ ਲਿਆ। ਇਕ ਹੁਕਮ ਜਾਰੀ ਕੀਤਾ ਗਿਆ, ਜਿਸ ਵਿਚ ਇਹ ਐਲਾਨ ਸੀ ਕਿ ਇਕ ਖ਼ਾਸ ਦਿਨ, ਸਭ ਯਹੂਦੀਆਂ ਦਾ ਕਤਲ ਕਰ ਦਿੱਤਾ ਜਾਵੇ। (ਇਸ ਦਿਨ ਦੀ ਚੋਣ ਗੁਣੇ ਪਾ ਕੇ ਕੀਤੀ ਗਈ ਜਿਸ ਨੂੰ *ਪੁਰ* ਆਖਿਆ ਜਾਂਦਾ ਸੀ।) ਹਾਮਾਨ ਸੰਤੁਸ਼ਟ ਸੀ ਕਿਉਂ ਜੋ ਉਸ ਨੂੰ ਉਸ ਦੇ ਵੱਡਾ ਹੋਣ ਨੂੰ ਮੰਨਣ ਤੋਂ ਮਾਰਦਕਈ ਦੇ ਇਨਕਾਰ ਕਰਨ ਕਰਕੇ ਯਹੂਦੀਆਂ ਤੋਂ ਬਦਲਾ ਮਿਲਣਾ ਸੀ!

ਭਲਾ ਹਾਮਾਨ ਦੇ ਵਿਹਾਰ ਅਤੇ ਕਾਰਵਾਹੀਆਂ ਨਾਲੋਂ ਵੱਡੀ ਕੋਈ ਹੋਰ ਮੂਰਖਤਾ ਹੋ ਸਕਦੀ ਸੀ? ਭਲਾ ਉਹ ਪ੍ਰਧਾਨ ਮੰਤਰੀ ਬਣ ਕੇ, ਦੌਲਤ ਤਾਕਤ ਅਤੇ ਸ਼ੋਹਰਤ ਲੈ ਕੇ ਸੰਤੁਸ਼ਟ ਕਿਉਂ ਨਾ ਹੋਇਆ? ਉਹ ਪਰੇਸ਼ਾਨ ਕਿਉਂ ਹੋ ਗਿਆ ਜਦ ਕਿ ਸਿਰਫ਼ ਇੱਕੋ ਬੰਦੇ ਨੇ ਉਹਦੇ ਅੱਗੇ ਝੁਕਣ ਤੋਂ ਇਨਕਾਰ ਕੀਤਾ ਸੀ? ਮਾਰਦਕਈ ਦੇ ਉਹਦੀ ਇੱਜ਼ਤ ਨਾ ਕਰਨ ਕਰਕੇ ਹੀ ਹਾਮਾਨ ਪਰੇਸ਼ਾਨ ਨਹੀਂ ਹੋਇਆ ਸੀ, ਤਾਂ ਫਿਰ ਉਹ ਨਰਾਜ਼ ਕਿਸ ਕਰਕੇ ਹੋਇਆ? ਭਲਾ ਉਹ ਉਸ ਨੂੰ ਨਜ਼ਰਅੰਦਾਜ਼ ਕਿਉਂ ਨਾ ਕਰ ਸਕਿਆ? ਜੇ ਆਪਣੇ ਘਮੰਡ ਕਰਕੇ ਉਹ ਇਸ ਇਕ ਯਹੂਦੀ ਵੱਲੋਂ ਉਸ ਦੇ ਨਿਰਾਦਰ ਕੀਤੇ ਜਾਣ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ ਸੀ, ਤਾਂ ਉਸ ਨੇ ਸਿਰਫ਼ ਮਾਰਦਕਈ ਨੂੰ ਸਜ਼ਾ ਕਿਉਂ ਨਾ ਦਿੱਤੀ? ਉਸ ਨੇ ਆਪਣਾ ਗੁੱਸਾ ਪੂਰੀ ਕੌਮ ਉੱਤੇ ਕਿਉਂ ਕੱਢਿਆ? ਇਕ ਯਹੂਦੀ ਦੇ ਜੁਰਮ ਕਰਕੇ ਉਹਨੇ ਪੂਰੀ ਯਹੂਦੀ ਕੌਮ ਨੂੰ ਕਿਉਂ ਮਾਰਨਾ ਚਾਹਿਆ? ਹਾਮਾਨ ਦਾ ਵਿਵੇਕਹੀਨ ਘਮੰਡ ਦਿਮਾਗ ਵਿਚ ਖੰਜਰ ਵਾਂਗੂ ਚੁੱਭਦਾ ਹੈ।

ਸੰਕਲਪ।

ਅਧਿਆਇ 4. ਅਧਿਆਇ 4 ਦੇ ਸ਼ੁਰੂ ਵਿਚ ਸਾਨੂੰ ਯਹੂਦੀਆਂ ਦੀ ਮੁਸ਼ਕਿਲ ਦਾ ਹੱਲ ਮਿਲਦਾ ਹੈ। ਹਾਮਾਨ ਨੇ ਇਹ ਖ਼ਬਰ ਛਾਇਆ ਕਰ ਦਿੱਤੀ ਕਿ ਫਲਾਣੇ ਦਿਨ ਯਹੂਦੀਆਂ ਨੂੰ ਮਾਰ ਦਿੱਤਾ ਜਾਵੇ ਅਤੇ ਉਨ੍ਹਾਂ ਦੀ ਜਾਇਦਾਦ ਲੁੱਟ ਲਈ ਜਾਵੇ। ਜਦ ਮਾਰਦਕਈ ਨੂੰ ਉਸ ਨਸਲਖੁਸ਼ੀ ਦੇ ਨੇੜੇ ਆਉਣ ਦਾ ਪਤਾ ਲੱਗਾ ਤਾਂ ਉਸ ਨੇ ਮਦਦ ਲਈ ਅਸਤਰ ਨੂੰ ਸੁਨੇਹਾ ਘੱਲਿਆ। ਉਸ ਨੇ ਉਸ ਨੂੰ ਯਹੂਦੀਆਂ ਦੀ ਵੱਲੋਂ ਬਾਦਸ਼ਾਹ ਅੱਗੇ ਸਿਫ਼ਾਰਸ਼ ਕਰਨ ਲਈ ਆਖਿਆ। ਅਸਤਰ ਪਹਿਲਾਂ ਤਾਂ ਜਾਣ ਤੋਂ ਝਕੀ ਕਿਉਂ ਜੋ ਬਿਨਾਂ ਸੱਦੇ ਬਾਦਸ਼ਾਹ ਕੋਲ ਜਾਣ ਵਾਲੇ ਕਿਸੇ ਨੂੰ ਵੀ ਮਾਰ ਦਿੱਤਾ ਜਾਂਦਾ ਸੀ ਜਦ ਤਕ ਬਾਦਸ਼ਾਹ ਉਸ ਆਉਣ ਵਾਲੇ ਨੂੰ ਗ੍ਰਹਿਣ ਕਰਨ ਲਈ ਆਪਣਾ ਆਸਾ ਵਧਾ ਕੇ ਰਹਿਮ ਨਾ ਵਿਖਾਉਂਦਾ। ਅਸਤਰ ਨੂੰ ਕੁਝ ਦੇਰ ਤੋਂ ਬਾਦਸ਼ਾਹ ਦੇ ਸਾਹਮਣੇ ਨਹੀਂ ਸੱਦਿਆ ਗਿਆ ਸੀ, ਇਸ ਕਰਕੇ ਉਸ ਨੂੰ ਡਰ ਸੀ ਕਿ ਜੇ ਉਹ ਬਿਨਾਂ ਸੱਦੇ ਉਹਦੇ ਅੱਗੇ ਚਲੀ ਜਾਂਦੀ ਹੈ ਤਾਂ ਉਹ ਨੂੰ ਮਾਰ ਦਿੱਤਾ ਜਾ ਸਕਦਾ ਹੈ।

ਇਸ ਤੋਂ ਬਾਅਦ ਮਾਰਦਕਈ ਨੇ ਉਸ ਨੂੰ ਇਹ ਗੱਲਾਂ ਲਿਖ ਘੱਲੀਆਂ:

> ਤੂੰ ਆਪਣੇ ਮਨ ਵਿਚ ਇਹ ਵਿਚਾਰ ਨਾ ਕਰ ਕਿ ਸਾਰੇ ਯਹੂਦੀਆਂ ਵਿੱਚੋਂ ਪਾਤਸ਼ਾਹ ਦੇ ਮਹਿਲ

> ਵਿਚ ਤੂੰ ਬਚ ਜਾਵੇਂਗੀ ਕਿਉਂਕਿ ਜੇ ਤੂੰ ਇਸ ਵੇਲੇ ਚੁੱਪ ਸਾਧ ਲਈ ਤਾਂ ਯਹੂਦੀਆਂ ਲਈ ਰਿਹਾਈ ਅਰ ਛੁਟਕਾਰਾ ਕਿਸੇ ਹੋਰ ਥਾਂ ਤੋਂ ਆਵੇਗਾ ਪਰ ਤੂੰ ਅਰ ਤੇਰੇ ਪਿਤਾ ਦਾ ਟੱਬਰ ਨਾਸ਼ ਹੋ ਜਾਓਗੇ ਅਤੇ ਕੀ ਜਾਣੀਏ ਕਿ ਤੂੰ ਅਜੇਹੇ ਵੇਲੇ ਲਈ ਪਾਤਸ਼ਾਹੀ ਤੀਕ ਪੁੱਜੀ ਹੈਂ (4: 13 14)।

ਅਸਤਰ ਮੰਨ ਗਈ ਅਤੇ ਉਸ ਨੇ ਇਹ ਆਖਦਿਆਂ ਜਵਾਬ ਦਿੱਤਾ:

> ਕਿ ਜਾ ਅਤੇ ਸ਼ੂਸ਼ਨ ਵਿਚ ਜਿੰਨੇ ਯਹੂਦੀ ਹਨ ਉਨ੍ਹਾਂ ਨੂੰ ਇਕੱਠਾ ਕਰ ਅਤੇ ਤੁਸੀਂ ਮੇਰੇ ਲਈ ਵਰਤ ਰੱਖੋ ਅਤੇ ਤਿੰਨ ਦਿਨ ਤੱਕ ਦਿਨ ਰਾਤ ਤੱਕ ਕੁੱਝ ਖਾਣ ਨਾ ਪੀਣ ਅਤੇ ਮੈਂ ਵੀ ਆਪਣੀਆਂ ਸਹੇਲੀਆਂ ਸਣੇ ਇਵੇਂ ਹੀ ਵਰਤ ਰੱਖਾਂਗੀ ਅਤੇ ਇਉਂ ਹੀ ਮੈਂ ਪਾਤਸ਼ਾਹ ਦੇ ਕੋਲ ਜਾਵਾਂਗੀ ਜਿਹੜਾ ਕਨੂਨ ਦੇ ਅਨੁਸਾਰ ਨਹੀਂ। ਜੇ ਮੈਂ ਮਿਟ ਗਈ ਤਾਂ ਮੈਂ ਮਿਟ ਗਈ (4: 16)।

ਅਧਿਆਇ 5. ਫਿਰ ਅਸਤਰ ਪੂਰੀ ਹਿੰਮਤ ਕਰਕੇ ਬਾਦਸ਼ਾਹ ਦੇ ਦਰਬਾਰ ਵਿਚ ਚਲੀ ਗਈ। ਅਸੀਂ ਉਹਦੇ ਅੰਦਰਲੇ ਦਰਬਾਰ ਵਿਚ ਜਾ ਕੇ ਅਹਸ਼ਵੇਰੋਸ਼ ਦੇ ਉਹਦੇ ਵੱਲ ਧਿਆਨ ਕਰਕੇ ਉਹਦੀ ਮੌਜੂਦਗੀ ਨੂੰ ਮੰਨਣ ਦੀ ਉਡੀਕ ਕਰਦਿਆਂ ਉਹਦੇ ਮਨ ਵਿਚ ਆਉਣ ਵਾਲੀਆਂ ਸ਼ੰਕਾਵਾਂ ਦੀ ਕਲਪਨਾ ਕਰ ਸਕਦੇ ਹਾਂ। ਲਿਖਤ ਦੱਸਦੀ ਹੈ, ''ਤਾਂ ਐਉਂ ਹੋਇਆ ਕਿ ਜਦ ਪਾਤਸ਼ਾਹ ਨੇ ਮਲਕਾ ਅਸਤਰ ਨੂੰ ਅੰਦਰਲੇ ਵੇਹੜੇ ਵਿਚ ਖੜੀ ਵੇਖਿਆ ਤਾਂ ਉਹ ਉਸ ਦੀ ਨਿਗਾਹ ਵਿਚ ਕਿਰਪਾ ਜੋਗ ਹੋਈ ਅਤੇ ਪਾਤਸ਼ਾਹ ਨੇ ਉਹ ਸੋਨੇ ਦਾ ਆਸਾ ਜਿਹੜਾ ਉਹ ਦੇ ਹੱਥ ਵਿਚ ਸੀ ਅਸਤਰ ਵੱਲ ਵਧਾਇਆ ਅਤੇ ਅਸਤਰ ਨੇ ਨੇੜੇ ਜਾ ਕੇ ਆਸੇ ਦੀ ਨੋਕ ਨੂੰ ਛੋਹਿਆ'' (5:2)। ਅਸਤਰ ਦੀ ਜਾਨ ਬਖ਼ਸ਼ੀ ਗਈ ਸੀ; ਅਤੇ ਬਾਦਸ਼ਾਹ ਵੱਲੋਂ ਉਸ ਤੋਂ ਇਹ ਪੁੱਛਿਆ ਜਾਣ ਤੇ ਕਿ ਉਹ ਕੀ ਚਾਹੁੰਦੀ ਹੈ, ਉਸਨੇ ਸਿਰਫ਼ ਉਸ ਨੂੰ ਅਤੇ ਹਾਮਾਨ ਨੂੰ ਉਸ ਦਾਅਵਤ ਉੱਤੇ ਆਉਣ ਦਾ ਸੱਦਾ ਦਿੱਤਾ ਜਿਹੜੀ ਉਹਨੇ ਤਿਆਰ ਕੀਤੀ ਸੀ। ਬਾਦਸ਼ਾਹ ਨੇ ਸੱਦਾ ਕਬੂਲ ਕਰ ਲਿਆ, ਅਤੇ ਉਹ ਅਤੇ ਹਾਮਾਨ ਅਸਤਰ ਦੀ ਦਾਅਵਤ ਤੇ ਚਲੇ ਗਏ। ਖਾਣਾ ਖਾਣ ਦੌਰਾਨ, ਅਹਸ਼ਵੇਰੋਸ਼ ਨੇ ਫੇਰ ਪੁਛਿਆ ਕਿ ਉਹ ਉਸ ਦੇ ਲਈ ਕੀ ਕਰ ਸਕਦਾ ਹੈ। ਅਸਤਰ ਨੇ ਬਾਦਸ਼ਾਹ ਅਤੇ ਹਾਮਾਨ ਨੂੰ ਅਗਲੇ ਦਿਨ ਫੇਰ ਇਸੇ ਤਰ੍ਹਾਂ ਦੀ ਦਾਅਵਤ ਤੇ ਆਉਣ ਲਈ ਆਖਿਆ।

ਡਿੱਨਰ ਖ਼ਤਮ ਕਰਕੇ ਜਾਣ ਤੇ ਹਾਮਾਨ ਪੂਰਾ ਘਮੰਡ ਨਾਲ ਭਰਿਆ ਹੋਇਆ ਸੀ। ਭਾਵੇਂ ਉਹ ਨੂੰ ਮਾਰਦਕਈ ਦੇ ਕੋਲੋਂ ਦੀ ਲੰਘਣਾ ਪਿਆ; ਅਤੇ ਉਹ ਫੇਰ ਇਸ ਗੱਲ ਤੋਂ ਚਿੜ ਗਿਆ ਸੀ ਕਿ ਮਾਰਦਕਈ ਨੇ ਉਸ ਦੇ ਵੱਡੇ ਹੋਣ ਨੂੰ ਮੰਨਣ ਤੋਂ ਇਨਕਾਰ ਕੀਤਾ। ਉਹ ਆਪਣੇ ਘਰ ਗਿਆ ਅਤੇ ਉਸ ਨੇ ਆਪਣੀ ਪਤਨੀ ਅਤੇ ਮਿੱਤਰਾਂ ਅੱਗੇ ਇਹ ਮੰਨਿਆ ਕਿ ਉਹਦੇ ਕੋਲ ਹਰ ਚੀਜ਼ ਹੈ ਪਰ ਉਹ ਨੂੰ ਮਾਰਦਕਈ ਕਰਕੇ ਅਨੰਦ ਨਹੀਂ ਮਿਲਿਆ। ਉਨ੍ਹਾਂ ਦੀ ਸਲਾਹ ਤੇ ਉਸਨੇ ਪੰਝੱਤਰ ਫੁੱਟ ਉੱਚੀ ਇਕ ਸੂਲੀ ਬਣਵਾਈ ਜਿਸ ਉੱਤੇ ਮਾਰਦਕਈ ਨੂੰ ਟੰਗਿਆ ਜਾਣਾ ਸੀ। ਉਸਨੇ ਆਪਣੇ ਨਾਪਸੰਦ ਦੁਸ਼ਮਣ ਮਾਰਦਕਈ ਤੋਂ ਖਹਿੜਾ ਛੁਡਾਉਣ ਲਈ ਬਾਦਸ਼ਾਹ ਦੀ ਪਰਵਾਨਗੀ ਲੈਣ ਦੀਆਂ ਯੋਜਨਾਵਾਂ ਬਣਾਈਆਂ।

ਅਧਿਆਇ 6. ਓਸ ਰਾਤ, ਬਾਦਸ਼ਾਹ ਸੌਂ ਨਾ ਸਕਿਆ। ਸਮਾਂ ਟਪਾਉਣ ਲਈ ਅਤੇ ਸ਼ਾਇਦ ਆਪਣੇ ਆਪ ਨੂੰ ਨੀਂਦ ਦੁਆਉਣ ਲਈ, ਉਸ ਨੇ ਦਰਬਾਰ ਦੇ ਕੁਝ ਰਿਕਾਰਡ ਪੜ੍ਹਵਾਏ। ਇਕ ਕਿਤਾਬ ਵਿੱਚੋਂ ਉਸ ਨੂੰ ਪਤਾ ਲੱਗਾ ਕਿ ਮਾਰਦਕਈ ਨੇ ਉਹਦੀ ਜਾਨ ਬਚਾਈ ਸੀ; ਪਰ, ਪੁੱਛੇ ਜਾਣ ਤੇ, ਉਸ ਨੂੰ ਦੱਸਿਆ ਗਿਆ ਕਿ ਮਾਰਦਕਈ ਨੂੰ ਇਸ ਕਾਰਨਾਮੇ ਦਾ ਕੋਈ ਇਨਾਮ ਨਹੀਂ ਮਿਲਿਆ ਸੀ।

ਅਗਲੀ ਸਵੇਰ ਹਾਮਾਨ ਮਾਰਦਕਈ ਨੂੰ ਸੂਲੀ ਉੱਤੇ ਟੰਗਣ ਦੀ ਬਾਦਸ਼ਾਹ ਦੀ ਮੰਜ਼ੂਰੀ ਲੈਣ ਲਈ ਉਹਨੂੰ ਮਿਲਣ ਲਈ ਗਿਆ। ਜਦ ਉਹ ਪਹੁੰਚਿਆ ਤਾਂ ਅਹਸ਼ਵੇਰੋਸ਼ ਨੇ ਉਸ ਤੋਂ ਪੁੱਛਿਆ, ''ਜਿਸ ਮਨੁੱਖ ਨੂੰ ਪਾਤਸ਼ਾਹ ਪਤ ਦੇਣੀ ਚਾਹੇ ਉਹ ਦੇ ਲਈ ਕੀ ਕੀਤਾ ਜਾਵੇ?'' (6:6)। ਹਾਮਾਨ ਨੂੰ ਲੱਗਾ

ਕਿ ਬਾਦਸ਼ਾਹ ਉਹਦੀ ਗੱਲ ਕਰ ਰਿਹਾ ਹੈ। ਉਹਨੂੰ ਲੱਗਾ ਕਿ ''ਯਕੀਨਨ, ਬਾਦਸ਼ਾਹ ਜਿੰਨੀ ਇੱਜ਼ਤ ਉਹ ਨੂੰ ਦਿੰਦਾ ਹੈ ਉਸ ਨਾਲੋਂ ਵੱਧ ਇੱਜ਼ਤ ਦੇਣ ਲਈ ਕਿਸੇ ਹੋਰ ਨੂੰ ਨਹੀਂ ਚੁਣੇਗਾ!'' ਉਸ ਨੇ ਜਵਾਬ ਦਿੱਤਾ ਕਿ ਜਿਸ ਨੂੰ ਬਾਦਸ਼ਾਹ ਇੱਜ਼ਤ ਦੇਣਾ ਚਾਹੇ ਉਹ ਉਸਨੂੰ ਬਾਦਸ਼ਾਹ ਦੇ ਘੋੜੇ ਤੇ ਬਿਠਾਵੇ ਅਤੇ ਸ਼ਾਹੀ ਲਿਬਾਸ ਪੁਆਵੇ। ਫਿਰ ਕੋਈ ਵੱਡਾ ਅਧਿਕਾਰੀ ਇਹ ਡੰਡ ਪਾਉਂਦੇ ਹੋਏ ਕਿ ''ਜਿਸ ਮਨੁੱਖ ਨੂੰ ਪਾਤਸ਼ਾਹ ਪੱਤ ਦੇਣੀ ਚਾਹੁੰਦਾ ਹੈ ਉਹਦੇ ਨਾਲ ਏਦਾਂ ਹੀ ਕੀਤਾ ਜਾਵੇਗਾ'' (6:9) ਗਲੀਆਂ ਵਿੱਚੋਂ ਦੀ ਘੋੜੇ ਦੇ ਅੱਗੇ ਅੱਗੇ ਚੱਲੇ।

ਬਾਦਸ਼ਾਹ ਹਾਮਾਨ ਦੇ ਜਵਾਬ ਤੋਂ ਖੁਸ਼ ਹੋ ਗਿਆ; ਸੋ ਇਕ ਤਰ੍ਹਾਂ ਨਾਲ ਉਸ ਨੇ ਆਖਿਆ, ''ਜਾ, ਮਾਰਦਕਈ ਲਈ ਇਹੀ ਕਰ!'' ਅਸੀਂ ਹਾਮਾਨ ਦੇ ਮਾਰਦਕਈ ਨੂੰ, ਭਾਵ ਉਸ ਆਦਮੀ ਨੂੰ ਜਿਸ ਤੋਂ ਉਹ ਦੁਨੀਆਂ ਵਿੱਚੋਂ ਕਿਸੇ ਵੀ ਹੋਰ ਨਾਲੋਂ ਵੱਧ ਨਫ਼ਰਤ ਕਰਦਾ ਸੀ, ਸ਼ਹਿਰ ਵਿੱਚੋਂ ਦੀ ਲਿਜਾਂਦੇ ਅਤੇ ਉਹਦੀ ਤਾਰੀਫ਼ ਕਰਦਿਆਂ, ਹਾਮਾਨ ਦੇ ਮਨ ਵਿਚ ਆਉਣ ਵਾਲੇ ਵਿਚਾਰਾਂ ਦੀ ਸਿਰਫ਼ ਕਲਪਨਾ ਹੀ ਕਰ ਸਕਦੇ ਹਾਂ! ਉਸ ਅਨੁਭਵ ਤੋਂ ਬਾਅਦ, ਹਾਮਾਨ ਸ਼ਰਮਸ਼ਾਰ ਹੋਇਆ ਫੁਰਤੀ ਨਾਲ ਘਰ ਚਲਿਆ ਗਿਆ; ਪਰ ਉੱਥੇ ਵੀ ਉਸ ਨੂੰ ਕੋਈ ਸਕੂਨ ਨਾ ਮਿਲਿਆ, ਕਿਉਂ ਜੋ ਉਸ ਦੀ ਪਤਨੀ ਅਤੇ ਮਿੱਤਰਾਂ ਨੇ ਆਖਿਆ, ''ਜੇ ਮਾਰਦਕਈ ਯਹੂਦੀਆਂ ਦੀ ਨਸਲ ਵਿੱਚੋਂ ਹੈ ਜਿਹਦੇ ਅੱਗੇ ਤੂੰ ਡਿੱਗਣ ਲੱਗਾ ਹੈਂ ਤਾਂ ਤੂੰ ਉਹਨੂੰ ਜਿੱਤ ਨਹੀਂ ਸਕਦਾ ਪਰੰਤੂ ਤੂੰ ਉਹ ਦੇ ਅੱਗੇ ਜ਼ਰੂਰ ਡਿੱਗੇਂਗਾ'' (6:13)। ਉਹਦੇ ਕੋਲ ਆਪਣੀ ਇੱਜ਼ਤ ਗੁਆਚਣ ਲਈ ਸੋਗ ਕਰਨ ਦਾ ਵੀ ਸਮਾਂ ਨਹੀਂ ਸੀ, ਕਿਉਂ ਜੋ ਕੁਝ ਦੂਤ ਅਸਤਰ ਦੇ ਘਰ ਡਿੱਨਰ ਲਈ ਲਿਜਾਣ ਵਾਸਤੇ ਆ ਗਏ।

ਅਧਿਆਇ 7. ਇਸ ਦਾਅਵਤ ਵਿਚ ਕਹਾਣੀ ਦਾ ਚਰਮ ਮਿਲਦਾ ਹੈ। ਖਾਣਾ ਖਾਣ ਤੋਂ ਬਾਅਦ ਤ੍ਰਿਪਤ ਹੋਏ ਬਾਦਸ਼ਾਹ ਨੇ ਅਸਤਰ ਤੋਂ ਫੇਰ ਪੁੱਛਿਆ ਕਿ ਉਹ ਕੀ ਚਾਹੁੰਦੀ ਹੈ ਕਿ ਉਹ ਉਹਦੇ ਲਈ ਕਰੇ। ਉਹਨੇ ਸਿਰਫ਼ ਆਪਣੀ ਜਾਨ ਅਤੇ ਆਪਣੇ ਲੋਕਾਂ ਦੀ ਜਾਨ ਬਖ਼ਸ਼ੇ ਜਾਣ ਲਈ ਆਖਿਆ। ਉਸਨੇ ਬਾਦਸ਼ਾਹ ਨੂੰ ਦੱਸਿਆ ਕਿ ਉਸ ਦੇ ਲੋਕਾਂ, ਯਹੂਦੀਆਂ ਨੂੰ ਖ਼ਤਮ ਕਰ ਦਿੱਤਾ ਜਾਣ ਵਾਲਾ ਸੀ। ਬਾਦਸ਼ਾਹ ਗੁੱਸੇ ਵਿਚ ਆ ਗਿਆ ਅਤੇ ਉਸ ਨੇ ਪੁੱਛਿਆ ਕਿ ਇਹ ਜ਼ਿਆਦਤੀ ਕਰਨ ਵਾਲਾ ਕੌਣ ਹੈ। ਅਸਤਰ ਨੇ ਜਵਾਬ ਦਿੱਤਾ ਕਿ ਹਾਮਾਨ ਹੈ। ਬਾਦਸ਼ਾਹ ਐਨਾ ਪਰੇਸ਼ਾਨ ਹੋ ਗਿਆ ਕਿ ਉਹ ਆਪਣੇ ਉੱਤੇ ਕਾਬੂ ਨਾ ਰੱਖ ਸਕਿਆ। ਉਹ ਕਮਰੇ ਵਿੱਚੋਂ ਨਿੱਕਲ ਕੇ ਬਾਗ ਵਿਚ ਚਲਿਆ ਗਿਆ, ਸਾਇਦ ਆਪਣੇ ਆਪ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਨ ਲਈ। ਜਦ ਉਹ ਅਜੇ ਬਾਹਰ ਹੀ ਸੀ, ਤਾਂ ਬਾਦਸ਼ਾਹ ਦੇ ਕਹਿਰ ਤੋਂ ਡਰਿਆ ਹਾਮਾਨ ਅਸਤਰ ਅੱਗੇ ਰਹਿਮ ਦੀ ਭੀਖ ਮੰਗਣ ਲੱਗਾ। ਇਸ ਦੌਰਾਨ ਉਹ ਅਸਤਰ ਦੇ ਪੈਰਾਂ ਤੇ ਡਿੱਗ ਪਿਆ। ਤਦੇ, ਬਾਦਸ਼ਾਹ ਵਾਪਸ ਆ ਗਿਆ। ਬਾਦਸ਼ਾਹ ਨੂੰ ਇਹ ਸੋਚਣ ਵਿਚ ਗਲਤੀ ਲੱਗੀ ਕਿ ਹਾਮਾਨ ਉਹਦੀ ਰਾਣੀ ਉੱਤੇ ਹਮਲਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਉਸ ਨੇ ਹੁਕਮ ਦੇ ਦਿੱਤਾ ਕਿ ਉਸ ਨੂੰ ਓਸੇ ਵੇਲੇ ਮਾਰ ਦਿੱਤਾ ਜਾਵੇ। ਹਾਮਾਨ ਨੂੰ ਓਸੇ ਸੂਲੀ ਉੱਤੇ ਟੰਗ ਦਿੱਤਾ ਗਿਆ ਜਿਹੜੀ ਉਹਨੇ ਮਾਰਦਕਈ ਵਾਸਤੇ ਬਣਾਈ ਸੀ!

ਅਧਿਆਇ 8–10. ਮਾਰਦਕਈ ਨੂੰ ਪ੍ਰਧਾਨ ਮੰਤਰੀ ਦੇ ਤੌਰ ਤੇ ਉਹਦੇ ਰੁਤਬੇ ਸਣੇ, ਉਹ ਸਭ ਕੁਝ ਦੇ ਦਿੱਤਾ ਗਿਆ ਜੋ ਪਹਿਲਾਂ ਹਾਮਾਨ ਦਾ ਸੀ। ਅਹਸ਼ਵੇਰੋਸ਼ ਭਾਵੇਂ ਹੁਣ ਅਸਤਰ ਅਤੇ ਮਾਰਦਕਈ ਵੱਲ ਸੀ, ਪਰ ਮੁਸ਼ਕਿਲ ਅਜੇ ਵੀ ਸੀ। ਮਾਦੀਆਂ ਅਤੇ ਫ਼ਾਰਸੀਆਂ ਦੇ ਕਾਨੂੰਨਾਂ ਦੇ ਮੁਤਾਬਕ, ਬਾਦਸ਼ਾਹ ਵੱਲੋਂ ਜਾਰੀ ਹੁਕਮ ਨੂੰ ਪਲਟਿਆ ਨਹੀਂ ਜਾ ਸਕਦਾ ਸੀ। ਬਾਦਸ਼ਾਹ ਨੇ ਪਹਿਲਾਂ ਹੀ ਕਿਹਾ ਸੀ ਕਿ ਫਲਾਣੀ ਤਰੀਕ ਨੂੰ ਸਲਤਨਤ ਦੇ ਦੂਜੇ ਲੋਕਾਂ ਨੂੰ ਯਹੂਦੀਆਂ ਨੂੰ ਮਾਰ ਸੁੱਟਣ ਅਤੇ ਉਨ੍ਹਾਂ ਦੀ ਜਾਇਦਾਦ ਲੈਣ ਦੀ ਇਜਾਜ਼ਤ ਹੋਵੇਗੀ। ਹਾਲਾਤ ਨੂੰ ਸੁਧਾਰਣ ਲਈ ਕੀ ਕੀਤਾ ਜਾ ਸਕਦਾ ਸੀ?

ਮਾਰਦਕਈ ਅਤੇ ਅਸਤਰ ਨੇ ਮੁਸ਼ਕਿਲ ਦੇ ਇਕ ਹੱਲ ਤੇ ਵਿਚਾਰ ਕੀਤਾ। ਅਸਤਰ ਫੇਰ ਬਾਦਸ਼ਾਹ ਦੇ ਸਾਹਮਣੇ ਗਈ ਅਤੇ ਉਸ ਨੇ ਉਸ ਦਾ ਸਵਾਗਤ ਕੀਤਾ। ਅਸਤਰ ਅਤੇ ਮਾਰਦਕਈ ਵੱਲੋਂ ਸੁਝਾਇਆ

ਗਿਆ ਅਤੇ ਬਾਦਸ਼ਾਹ ਵੱਲੋਂ ਮੰਨ ਲਿਆ ਗਿਆ ਹੱਲ ਇਹ ਸੀ ਕਿ ਪੂਰੀ ਸਲਤਨਤ ਦੇ ਯਹੂਦੀਆਂ ਨੂੰ ਆਪਣੇ ਦੁਸ਼ਮਣਾਂ ਤੋਂ ਆਪਣਾ ਬਚਾਅ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਜਦ ਗੁਣੇ (*ਪੂਰ*) ਪਾ ਕੇ ਠਹਿਰਾਇਆ ਗਿਆ ਦਿਨ ਆ ਗਿਆ ਤਾਂ ਯਹੂਦੀਆਂ ਨੇ ਆਪਣਾ ਬਚਾਅ ਕੀਤਾ ਅਤੇ ਆਪਣੇ ਹਜ਼ਾਰਾਂ ਦੁਸ਼ਮਣਾਂ ਨੂੰ ਮਾਰ ਦਿੱਤਾ!

ਕਿਤਾਬ ਇਹ ਆਖਦਿਆਂ ਖ਼ਤਮ ਹੁੰਦੀ ਹੈ ਕਿ ਯਹੂਦੀਆਂ ਨੇ ਉਸ ਸਮੇਂ ਤੋਂ ਲੈ ਕੇ ਪੂਰੀਮ ਦਾ ਪਰਬ ਮਨਾ ਕੇ ਆਪਣੇ ਦੁਸ਼ਮਣਾਂ ਉੱਤੇ ਆਪਣੀ ਫ਼ਤਹਿ ਦਾ ਜਸ਼ਨ ਮਨਾਇਆ। ਮਾਰਦਕਈ ਵੱਡਾ ਆਦਮੀ ਬਣ ਗਿਆ ਅਤੇ ''ਆਪਣੇ ਲੋਕਾਂ ਦਾ ਭਲਾ ਚਾਹੁਣ ਵਾਲਾ ਅਤੇ ਆਪਣੀ ਸਾਰੀ ਨਸਲ ਨਾਲ ਸ਼ਾਂਤੀ ਦੇ ਬਚਨ ਬੋਲਣ ਵਾਲਾ ਸੀ'' (10:3)।

*ਜਿਲਦ 2. ਕਿਤਾਬ ਵਿਚ ਖ਼ੁਦਾ।* ਅਸਤਰ ਦੀ ਕਿਤਾਬ ਵਿਚ ਦੱਸੀ ਕਹਾਣੀ ਅਜਿਹੀ ਹੀ ਹੈ, ਪਰ ਅਸੀਂ ਅਜੇ ਤਕ ਇਸ ਸਵਾਲ ਦਾ ਜਵਾਬ ਨਹੀਂ ਦਿੱਤਾ ਕਿ ''ਕਿਤਾਬ ਵਿਚ ਖ਼ੁਦਾ ਕਿੱਥੇ ਹੈ?'' ਕਹਾਣੀ ਵਿਚ ਕਿਤੇ ਵੀ ਖ਼ੁਦਾ ਦਾ ਖੁੱਲ੍ਹੇ ਤੌਰ ਤੇ ਜ਼ਿਕਰ ਨਹੀਂ ਹੈ। ਫਿਰ ਵੀ ਸਾਡਾ ਵਿਸ਼ਵਾਸ ਹੈ ਕਿ ਉਹ ਇਨ੍ਹਾਂ ਘਟਨਾਵਾ ਵਿਚ ਸ਼ਾਮਿਲ ਸੀ। ਕਿਵੇਂ?

ਅਸਤਰ ਵਿਚ ਖ਼ੁਦਾ ਜੋ *ਨਹੀਂ ਸੀ* ਕਰ ਰਿਹਾ। ਇਕ ਅਰਥ ਵਿਚ ਸ਼ਾਇਦ ਸਾਨੂੰ ਹੁਣ ਇਹ ਕਹਿਣਾ ਸ਼ੁਰੂ ਕਰਨਾ ਚਾਹੀਦਾ ਹੈ ਕਿ ਖ਼ੁਦਾ ਅਸਤਰ ਵਿਚ *ਨਹੀਂ* (ਜਾਂ ਜ਼ਰੂਰੀ ਨਹੀਂ) ਮਿਲੇਗਾ।

1. ਉਹ ਲੋਕਾਂ ਤੋਂ ਪਾਪ ਨਹੀਂ ਕਰਵਾ ਰਿਹਾ ਸੀ। ਖ਼ੁਦਾ ਹਰ ਥਾਂ ਹੈ, ਸਭ ਕੁਝ ਜਾਣਦਾ ਹੈ ਅਤੇ ਸਰਵਸ਼ਕਤੀਮਾਨ ਹੈ। ਇਸਰਾਏਲੀ ਲੋਕ (ਜਿੱਥੋਂ ਤਕ ਹੋ ਸਕੇ) ਉਹਦੀਆਂ ਖੂਬੀਆਂ ਨੂੰ ਸਮਝਦੇ ਸਨ। ਸਾਨੂੰ ਵੀ ਉਨ੍ਹਾਂ ਨੂੰ ਯਾਦ ਰੱਖਣਾ ਅਤੇ ਸਮਝਣਾ ਜ਼ਰੂਰੀ ਹੈ ਕਿ ਖ਼ੁਦਾ ਕਿਸੇ ਵੀ ਹਾਲਾਤ ਨੂੰ ਆਪਣੇ ਮਕਸਦਾਂ ਲਈ ਵਰਤ ਸਕਦਾ ਹੈ। ਬੇਸ਼ੱਕ ਕਹਾਣੀ ਵਿਚ ਖ਼ੁਦਾ ਕਿਸੇ ਤੋਂ ਵੀ ਪਾਪ ਨਹੀਂ ਕਰਵਾ ਰਿਹਾ ਸੀ। ਬਾਦਸ਼ਾਹ ਅਤੇ ਉਹਦੇ ਸਰਦਾਰ ਆਪਣੇ ਸ਼ਰਾਬੀ ਹੋਣ ਲਈ ਜ਼ਿੰਮੇਵਾਰ ਸਨ ਅਤੇ ਹਾਮਾਨ ਆਪਣੇ ਪਾਪ ਅਤੇ ਮੂਰਖਤਾ ਲਈ ਜ਼ਿੰਮੇਵਾਰ ਸੀ।

2. ਉਹ ਨੈਤਿਕ ਉਦਾਹਰਣਾ ਨਹੀਂ ਦੇ ਰਿਹਾ ਸੀ। ਅਸਤਰ ਦੀ ਕਿਤਾਬ ਖ਼ੁਦਾ ਨੇ ਚੰਗੇ ਨੈਤਿਕ ਜਾਂ ਇਖ਼ਲਾਕੀ ਵਿਹਾਰ ਵਾਲੀਆਂ ਉਦਾਹਰਣਾਂ ਨਾਲ ਅਗਲੀਆਂ ਪੀੜ੍ਹੀਆਂ ਨੂੰ ਦੇਣ ਲਈ ਨਹੀਂ ਲਿਖਵਾਈ। ਕਿਤਾਬ ਖ਼ੁਦਾ ਦੇ ਲੋਕਾਂ ਬਾਰੇ ਹੈ, ਪਰ ਫਿਰ ਵੀ ਖ਼ੁਦਾ ਦੇ ਲੋਕ ਉਹਦੀ ਸ਼ਰ੍ਹਾ ਵਿਚ ਮਿਲਣ ਵਾਲੇ ਖ਼ੁਦਾ ਦੇ ਮਾਪਦੰਡਾਂ ਤੋਂ ਡਿੱਗ ਪਏ ਸਨ। ਜਦ ਖ਼ੁਦਾ ਨੇ ਇਸਰਾਏਲ ਦੇ ਇਤਹਾਸ ਦੀ ਕਹਾਣੀ ਲਿਖਵਾਈ, ਤਾਂ ਉਹ ਮੁੱਖ ਤੌਰ ਤੇ ਇਹ ਵਿਖਾ ਰਿਹਾ ਸੀ ਕਿ ਉਹ ਆਪਣੇ ਚੁਣੇ ਹੋਏ ਲੋਕਾਂ ਦੇ ਰਾਹੀਂ ਛੁਟਕਾਰੇ ਦੀ ਆਪਣੀ ਯੋਜਨਾ ਉੱਤੇ ਕਿਵੇਂ ਕੰਮ ਕਰ ਰਿਹਾ ਸੀ (ਅਤੇ ਕਈ ਵਾਰ ਇਸ ਦੇ ਬਾਵਜੂਦ)। ਉਸ ਦੇ ਕਿਸੇ ਕੰਮ ਨੂੰ ਲਿਖਵਾਉਣ ਦਾ ਮਤਲਬ ਇਹ ਨਹੀਂ ਹੈ ਕਿ ਉਸ ਨੇ ਇਸ ਦੀ ਪਰਵਾਨਗੀ ਦੇ ਦਿੱਤੀ। ਇਸ ਕਰਕੇ ਇਤਹਾਸਕ ਕਿਤਾਬ ਦੇ ''ਨਾਇਕਾਂ'' ਦੇ ਕੰਮਾਂ ਨੂੰ ਖ਼ੁਦਾ ਦੀ ਮੰਜ਼ੂਰੀ ਵਾਲੇ ਨਹੀਂ ਮੰਨਣਾ ਚਾਹੀਦਾ।

ਅਸਤਰ ਵਿਚ ਖ਼ੁਦਾ ਜੋ ਕਰ ਰਿਹਾ *ਸੀ*। ਫਿਰ ਵੀ ਖ਼ੁਦਾ ਅਸਤਰ ਦੀ ਕਿਤਾਬ ਵਿਚ ਸਰਗਰਮ ਸੀ। ਕਿਵੇਂ?

ਸਾਫ਼ ਹੈ ਕਿ ਮਾਰਦਕਈ ਅਤੇ ਅਸਤਰ ਦਾ ਮੰਨਣਾ ਸੀ ਕਿ ਖ਼ੁਦਾ ਯਹੂਦੀਆਂ ਦੇ ਮਾਮਲਿਆਂ ਅਤੇ ਫ਼ਾਰਸੀ ਰਾਜ ਦੇ ਮਾਮਲਿਆਂ ਵਿਚ ਸ਼ਮਿਲ ਸੀ। ਮਾਰਦਕਈ ਨੇ ਇਸ ਵਿਸ਼ਵਾਸ ਨੂੰ ਜਤਾਇਆ ਕਿ ਜੇ ਅਸਤਰ ਯਹੂਦੀਆਂ ਦੇ ਹੱਕ ਵਿਚ ਨਹੀਂ ਬੋਲਦੀ, ਤਾਂ ਕਿਸੇ ਹੋਰ ਨੇ ਉਨ੍ਹਾਂ ਨੂੰ ਛੁਟਕਾਰਾ ਦੁਆ ਦੇਣਾ ਸੀ। ਉਹਦਾ ਅਜਿਹਾ ਵਿਸ਼ਵਾਸ ਕਿਉਂ ਸੀ? ਇਸ ਦਾ ਤਰਕਸੰਗਤ ਜਵਾਬ ਇੱਕੋ ਹੈ ਕਿ ਉਸ ਦਾ ਮੰਨਣਾ ਸੀ ਕਿ ਯਹੂਦੀ ਲੋਕ ਖ਼ੁਦਾ ਦੇ ਲੋਕ ਹਨ ਅਤੇ ਖ਼ੁਦਾ ਨੇ ਉਨ੍ਹਾਂ ਨੂੰ ਖ਼ਤਮ ਨਹੀਂ ਹੋਣ ਦੇਣਾ ਸੀ। ਉਹ ਸਹੀ ਸੀ! ਮਾਰਦਕਈ ਨੇ ਖ਼ੁਦਾ ਦੇ ਰੱਬੀ ਇੰਤਜ਼ਾਮ ਭਾਵ ਮਨੁੱਖਾਂ ਦੇ ਮਾਮਲਿਆਂ ਵਿਚ

ਉਸ ਦੇ ਕੰਮ ਕਰਨ ਵਿਚ ਵਿਸ਼ਵਾਸ ਵੀ ਜਤਾਇਆ, ਜਦ ਉਸ ਨੇ ਅਸਤਰ ਨੂੰ ਕਿਹਾ, ‘‘ਕੀ ਜਾਣੀਏ ਕਿ ਤੂੰ ਅਜਿਹੇ ਵੇਲੇ ਲਈ ਪਾਤਸ਼ਾਹੀ ਤੀਕ ਪੁੱਜੀ ਹੈਂ?’’ (4:14)। ਅਸਲ ਵਿਚ ਉਹ ਪੁੱਜੀ ਸੀ! ਖ਼ੁਦਾ ਦਾ ਹੱਥ ਉਸ ਨੂੰ ਰਾਣੀ ਬਨਵਾਉਣ ਤਕ ਸੀ ਤਾਂ ਜੋ ਉਹ ਅਜਿਹੀ ਹਾਲਤ ਵਿਚ ਹੋਵੇ ਕਿ ਉਹ ਆਪਣੇ ਲੋਕਾਂ ਇਸਰਾਏਲੀਆਂ ਨੂੰ ਬਚਾ ਸਕੇ। ਅਸਤਰ ਨੇ ਵਿਖਾਇਆ ਕਿ ਉਹ ਖ਼ੁਦਾ ਦੀ ਮਦਦ ਲਈ ਆਪਣੀ ਲੋੜ ਨੂੰ ਸਮਝਦੀ ਸੀ, ਜਦ ਉਸ ਨੇ ਯਹੂਦੀਆਂ ਨੂੰ ਉਹਦੇ ਬਾਦਸ਼ਾਹ ਦੇ ਸਾਹਮਣੇ ਜਾਣ ਲਈ ਤਿਆਰ ਹੋਣ ਲਈ ਉਹਦੇ ਨਾਲ ਰੋਜ਼ਾ ਰੱਖਣ ਲਈ ਆਖਿਆ। ਰੋਜ਼ਾ ਰੱਖਣ ਦਾ ਮਤਲਬ ਦੁਆ ਕਰਨਾ ਹੈ। ਅਸਤਰ ਇਹ ਆਖ ਰਹੀ ਸੀ ਕਿ ਯਹੂਦੀ ਲੋਕ ਉਹਦੇ ਲਈ ਦੁਆ ਕਰਨ ਅਤੇ ਉਹਦੇ ਲਈ ਸਿਫ਼ਾਰਸ਼ ਕਰਨ ਤਾਂ ਜੋ ਉਹ ਬਾਦਸ਼ਾਹ ਤਕ ਜਾਣ ਵਿਚ ਸਫ਼ਲ ਹੋ ਸਕੇ। ਉਹਦੀਆਂ ਕੋਸ਼ਿਸ਼ਾਂ ਕੰਮ ਆਈਆਂ। ਮਾਰਦਕਈ ਅਤੇ ਅਸਤਰ ਦਾ ਵਿਸ਼ਵਾਸ ਸੀ ਕਿ ਖ਼ੁਦਾ ਉਨ੍ਹਾਂ ਦੇ ਰਾਹੀਂ ਕੰਮ ਕਰ ਰਿਹਾ ਹੈ!

ਨਾਲੇ, ਜਦ ਅਸੀਂ ਕਹਾਣੀ ਦਾ ਅਖ਼ੀਰ ਪੜ੍ਹਦੇ ਹਾਂ ਤਾਂ ਅਸੀਂ ਜੋ ਕੁਝ ਪਹਿਲਾਂ ਹੋਇਆ ਸੀ ਉਸ ਉੱਤੇ ਦੂਜੀ ਝਾਤ ਪਾਉਣ ਲਈ ਮਜਬੂਰ ਹੋ ਜਾਂਦੇ ਹਾਂ। ਯਹੂਦੀਆਂ ਨੂੰ ਉਨ੍ਹਾਂ ਦੇ ਦੁਸ਼ਮਣਾਂ ਤੋਂ ਮੁਕਤੀ ਕਿਵੇ ਮਿਲੀ ਸੀ? ਇਕ ਦੁਨਿਆਵੀ ਨਜ਼ਰੀਏ ਤੋਂ, ਅਸੀਂ ਇਹ ਆਖਾਂਗੇ ਕਿ ਇਸ ਛੁਟਕਾਰੇ ਵਿਚ ਇਕ ਦੇ ਬਾਅਦ ਇਕ ਸੰਯੋਗ ਜੁੜਦੇ ਗਏ:

ਵਸ਼ਤੀ ਹੁਣੇ – ਹੁਣੇ ਰਾਣੀ ਦੇ ਅਹੁਦੇ ਤੋਂ ਲੱਥੀ ਸੀ।
ਅਸਤਰ ਹੁਣੇ – ਹੁਣੇ ਉਹਦੀ ਥਾਂ ਤੇ ਰਾਣੀ ਬਣਨ ਲਈ ਚੁਣੀ ਗਈ ਸੀ।
ਮਾਰਦਕਈ ਨੇ ਹੁਣੇ – ਹੁਣੇ ਕੁਝ ਕਾਤਲਾਂ ਨੂੰ ਸੁਣਿਆ ਸੀ ਅਤੇ ਹੁਣੇ ਹੁਣੇ ਉਸ ਨੇ ਬਾਦਸ਼ਾਹ ਦੀ ਜਾਨ ਬਚਾਈ ਸੀ।
ਬਾਦਸ਼ਾਹ ਨੇ ਹੁਣੇ – ਹੁਣੇ ਅਸਤਰ ਦੇ ਉਸ ਕੋਲ ਬਿਨਾਂ ਸੱਦੇ ਉਸ ਦਾ ਪੱਖ ਲਿਆ ਸੀ।
ਬਾਦਸ਼ਾਹ ਹੁਣੇ – ਹੁਣੇ ਇਕ ਰਾਤ ਸੌਂ ਨਹੀਂ ਸਕਿਆ ਸੀ, ਹੁਣੇ ਹੁਣੇ ਦਰਬਾਰ ਦੇ ਰਿਕਾਰਡ ਨੂੰ ਪੜ੍ਹ ਕੇ ਉਸ ਨੂੰ ਸੁਣਾਏ ਗਏ ਸਨ, ਅਤੇ ਹੁਣੇ ਹੁਣੇ ਉਸ ਨੂੰ ਯਾਦ ਦੁਆਇਆ ਗਿਆ ਸੀ ਕਿ ਮਾਰਦਕਈ ਨੇ ਉਸ ਦੀ ਜਾਨ ਬਚਾਈ ਸੀ।

ਇਸੇ ਗੱਲ ਨੂੰ ਪੁੱਛਣ ਦਾ ਇਕ ਹੋਰ ਤਰੀਕਾ ਇਹ ਸਵਾਲ ਪੁੱਛਣਾ ਹੈ ਕਿ ‘‘ਜੇ ...?’’:

ਜੇ ਵਸ਼ਤੀ ਅਹਸ਼ਵੇਰੋਸ਼ ਦੇ ਹੁਕਮ ਨੂੰ ਮੰਨਣ ਤੋਂ ਇਨਕਾਰ ਨਾ ਕਰਦੀ?
ਜੇ ਅਸਤਰ ਨੂੰ ਔਰਤਾਂ ਦੇ ਇੰਚਾਰਜ ਖੋਜੇ ਦੀ ਹਮਾਇਤ ਨਾ ਮਿਲਦੀ?
ਜੇ ਅਸਤਰ ਬਾਦਸ਼ਾਹ ਨੂੰ ਖੁਸ਼ ਨਾ ਕਰਦੀ?
ਜੇ ਮਾਰਦਕਈ ਬਾਦਸ਼ਾਹ ਦੇ ਕਤਲ ਦੀ ਸਾਜ਼ਸ਼ ਨੂੰ ਨਾ ਸੁਣਦਾ?
ਜੇ ਮਾਰਦਕਈ ਉਸ ਸਾਜ਼ਸ਼ ਦੀ ਖ਼ਬਰ ਦੇ ਕੇ ਬਾਦਸ਼ਾਹ ਨੂੰ ਨਾ ਬਚਾਉਂਦਾ?
ਜੇ ਅਸਤਰ ਬਾਦਸ਼ਾਹ ਕੋਲ ਜਾਣ ਤੋਂ ਇਨਕਾਰ ਕਰ ਦਿੰਦੀ?
ਜੇ ਬਾਦਸ਼ਾਹ ਅਸਤਰ ਵੱਲ ਨੂੰ ਆਸਾ ਨਾ ਵਧਾਉਂਦਾ?
ਜੇ ਬਾਦਸ਼ਾਹ ਨੂੰ ਉਸ ਰਾਤ ਗੂੜ੍ਹੀ ਨੀਂਦ ਆ ਜਾਂਦੀ?
ਜੇ ਬਾਦਸ਼ਾਹ ਉਸ ਰਾਤ ਯਾਦਗਾਰੀ ਕਾਰਨਾਮਿਆਂ ਦੀ ਕਿਤਾਬ ਪੜ੍ਹਵਾਉਣ ਲਈ ਨਾ ਆਖਦਾ?

ਇਨ੍ਹਾਂ ਸਾਰੇ ਸਵਾਲਾਂ ਦਾ ਜਵਾਬ ਇਹ ਹੈ ਕਿ ਕਹਾਣੀ ਦਾ ਨਤੀਜਾ ਬਿਲਕੁਲ ਫ਼ਰਕ ਹੋਣਾ ਸੀ। ਅਸਲ ਵਿਚ ਯਹੂਦੀ ਲੋਕ ਮਾਰ ਦਿੱਤੇ ਜਾਣੇ ਸਨ, ਜਿਵੇਂ ਹਾਮਾਨ ਨੇ ਸੋਚਿਆ ਸੀ।

ਯਹੂਦੀਆਂ ਦਾ ਬਚਾਇਆ ਜਾਣਾ ਐਨਾ ਜ਼ਰੂਰੀ ਕਿਉਂ ਸੀ? ਖ਼ੁਦਾ ਨੇ ਅਬਰਾਹਾਮ ਦੀ ਅੰਸ ਦੇ ਰਾਹੀਂ ਸੰਸਾਰ ਨੂੰ ਬਚਾਉਣ ਦਾ ਵਾਅਦਾ ਕੀਤਾ ਸੀ। ਉਹ ਵਾਅਦਾ ਇਸਰਾਏਲ ਕੌਮ ਦੇ ਰਾਹੀਂ ਪੂਰਾ ਹੋਣਾ ਸੀ। ਅਸਤਰ ਦੇ ਸਮੇਂ ਤਕ, ਇਸਰਾਏਲੀਆਂ ਨੂੰ ''ਯਹੂਦੀ'' ਕਰਕੇ ਜਾਣਿਆ ਜਾਂਦਾ ਸੀ। ਜੇ ਯਹੂਦੀ ਖ਼ਤਮ ਹੋ ਜਾਂਦੇ ਤਾਂ ਕੋਈ ਇਸਰਾਏਲ ਨਹੀਂ ਬਚਣਾ ਸੀ ਜਿਸ ਦੇ ਰਾਹੀਂ ਮਸੀਹਾ ਆ ਸਕਦਾ। ਜੇ ਮਸੀਹਾ, ਭਾਵ ਮਸੀਹ ਜਾਂ ਖ੍ਰਿਸਤੁਸ ਨਾ ਆਉਂਦਾ, ਤਾਂ ਜਗਤ ਲਈ ਕੋਈ ਮੁਕਤੀਦਾਤਾ ਨਹੀਂ ਹੋਣਾ ਸੀ। ਜੇ ਜਗਤ ਲਈ ਕੋਈ ਮੁਕਤੀਦਾਤਾ ਨਾ ਹੁੰਦਾ ਤਾਂ ਸਾਡੀ ਮੁਕਤੀ ਨਹੀਂ ਹੋਣੀ ਸੀ!

ਯਹੂਦੀ ਲੋਕਾਂ ਦੀ ਕਾਇਮੀ ਅਤੇ ਤਰੱਕੀ ਅਸਤਰ ਦੇ ਬਿਨਾਂ ਸੱਦੇ ਬਾਦਸ਼ਾਹ ਦੀ ਹਜ਼ੂਰੀ ਵਿਚ ਜਾਣ ਦੇ ਫ਼ੈਸਲੇ ਉੱਤੇ ਟਿਕੀ ਸੀ। ਪਰ ਉਸਦਾ ਫ਼ੈਸਲਾ ਇਸ ਨਾਲੋਂ ਵੀ ਕਿਤੇ ਅਹਿਮ ਸੀ ਕਿਉਂ ਜੋ ਉਸ ਘੜੀ, ਸਾਰੇ ਸੰਸਾਰ ਦੀ ਮੁਕਤੀ ਦਾਅ ਤੇ ਲਗ ਸਕਦੀ ਸੀ!

ਤਾਂ ਫਿਰ, ਅਸਤਰ ਵਿਚ ਸਾਨੂੰ ਖ਼ੁਦਾ ਕਿੱਥੇ ਮਿਲਦਾ ਹੈ? ਅਸੀਂ ਉਸ ਨੂੰ ਲੋਕਾਂ ਅਤੇ ਹਾਲਾਤ ਦੇ ਰਾਹੀਂ, ਅਤੇ ਕਈ ਵਾਰ ਅਸੰਭਵ ਲੱਗਣ ਵਾਲੇ ਲੋਕਾਂ ਅਤੇ ਅਸੰਭਵ ਲੱਗਣ ਵਾਲੇ ਹਾਲਾਤ ਦੇ ਰਾਹੀਂ, ਸੰਸਾਰ ਵਿਚ ਆਪਣੀ ਇੱਛਾ ਨੂੰ ਪੂਰਾ ਕਰਨ ਲਈ ਕੰਮ ਕਰਦਿਆਂ, ਪੜਦੇ ਦੇ ਪਿੱਛੇ ਵੇਖਦੇ ਹਾਂ। ਆਪਣੇ ਲੋਕਾਂ ਨੂੰ ਬਰਬਾਦੀ ਤੋਂ ਬਚਾਉਣ ਲਈ ਸਹੀ ਸਮੇਂ ਤੇ ਫ਼ਾਰਸ ਦੇ ਤਖ਼ਤ ਤੇ ਅਸਤਰ ਨੂੰ ਕਿਸੇ ''ਸੰਯੋਗ,'' ''ਚੰਗੇ ਜਿਲਦ,'' ''ਚੰਗੀ ਕਿਸਮਤ,'' ਜਾਂ ''ਇਤਫ਼ਾਕ'' ਨੇ ਨਹੀਂ ਬਲਕਿ ਖ਼ੁਦਾ ਦੇ ਰੱਬੀ ਇੰਤਜ਼ਾਮ ਨੇ ਲਿਆਂਦਾ! ਅਸਤਰ ਦੀ ਕਿਤਾਬ ਵਿਚ ਖ਼ੁਦਾ ਦਾ ਨਾਂਅ ਹੋ ਸਕਦਾ ਹੈ ਕਿ ਨਾ ਮਿਲੇ; ਪਰ ਉਹ ਹਰ ਘਟਨਾ ਵਿਚ, ਖ਼ਾਮੋਸ਼ੀ ਨਾਲ ਅਤੇ ਖਾਮੋਸ਼ ਅਤੇ ਗੁਪਤ, ਪੜਦੇ ਦੇ ਪਿੱਛੇ ਆਪਣੇ ਲੋਕਾਂ ਨੂੰ ਬਚਾਉਣ ਅਤੇ ਆਪਣੇ ਮਕਸਦ ਨੂੰ ਹਾਸਿਲ ਕਰਨ ਲਈ ਕੰਮ ਰਿਹਾ ਸੀ।

*ਜਿਲਦ 3. ਮਸੀਹੀ ਦੀ ਕਹਾਣੀ।* ਅਸੀਂ ਅਸਤਰ ਦੀ ਕਹਾਣੀ ਫੇਰ ਦੱਸੀ ਹੈ, ਪਰ ਉਸ ਦੀ ਕਹਾਣੀ ਸਾਡੇ ਨਾਲ ਕਿਵੇਂ ਸਬੰਧ ਰੱਖਦੀ ਹੈ? ਅਸੀਂ ਕਿਤਾਬ ਵਿਚ ਦੱਸੀਆਂ ਸਚਿਆਈਆਂ ਨੂੰ ਮਸੀਹੀ ਦੇ ਰੂਪ ਵਿਚ ਆਪਣੀਆਂ ਜ਼ਿੰਦਗੀਆਂ ਵਿਚ ਕਿਵੇਂ ਲਾਗੂ ਕਰ ਸਕਦੇ ਹਾਂ?

ਬੇਸ਼ੱਕ ਅਸੀਂ ਧੰਨਵਾਦ ਕਰ ਸਕਦੇ ਹਾਂ ਕਿ ਮਾਰਦਕਈ ਅਤੇ ਅਸਤਰ ਨੇ ਯਹੂਦੀਆਂ ਨੂੰ ਬਚਾਉਣ ਵਿਚ ਖ਼ੁਦਾ ਨਾਲ ਸਹਿਯੋਗ ਕੀਤਾ ਤਾਂ ਜੋ ਯਹੂਦੀਆਂ ਦੇ ਰਾਹੀਂ ਯਿਸੂ ਮਸੀਹ ਆ ਸਕੇ ਅਤੇ ਸਾਡੇ ਅਤੇ ਅੱਜ ਦੇ ਸਭ ਲੋਕਾਂ ਲਈ ਮੁਕਤੀ ਮੁਹੱਈਆ ਕਰਵਾ ਸਕੇ।

ਨਾਲੇ ਅਸੀਂ ਰੱਬੀ ਇੰਤਜ਼ਾਮ ਬਾਰੇ ਕੁਝ ਜਾਣ ਸਕਦੇ ਹਾਂ। ਉਹ ਖ਼ੁਦਾ ਜਿਸ ਨੇ ਸੰਭਾਵਨਾਹੀਨ ਹਾਲਾਤ ਵਿਚ ਆਪਣੇ ਲੋਕਾਂ ਨੂੰ ਬਚਾਇਆ ਅੱਜ ਵੀ ਰੱਬੀ ਇੰਤਜ਼ਾਮ ਦੇ ਰਾਹੀਂ ਕੰਮ ਕਰਦਾ ਹੈ। ਪੌਲੁਸ ਨੇ ਇਸ ਨੂੰ ਇਸ ਤਰ੍ਹਾਂ ਕਿਹਾ ਹੈ, ''ਅਸੀਂ ਜਾਣਦੇ ਹਾਂ ਭਈ ਜਿਹੜੇ ਪਰਮੇਸ਼ੁਰ ਨਾਲ ਪ੍ਰੇਮ ਰੱਖਦੇ ਹਨ ਸਾਰੀਆਂ ਵਸਤਾਂ ਰਲ ਕੇ ਉਨ੍ਹਾਂ ਦਾ ਭਲਾ ਕਰਦੀਆਂ ਹਨ ਅਰਥਾਤ ਉਨ੍ਹਾਂ ਦਾ ਜਿਹੜੇ ਪਰਮੇਸ਼ੁਰ ਦੀ ਮਨਸ਼ਾ ਦੇ ਅਨੁਸਾਰ ਸੱਦੇ ਹੋਏ ਹਨ'' (ਰੋਮੀਆਂ 8:28)। ਅਸੀਂ ਪੱਕਾ ਜਾਣ ਸਕਦੇ ਹਾਂ ਕਿ ਜਦ ਤਕ ਅਸੀਂ ਉਨ੍ਹਾਂ ਲੋਕਾਂ ਵਿਚ ਸ਼ੁਮਾਰ ਹਾਂ ''ਜਿਹੜੇ ਪਰਮੇਸ਼ੁਰ ਦੀ ਮੰਸ਼ਾ ਦੇ ਅਨੁਸਾਰ ਸੱਦੇ ਹੋਏ ਹਨ'' ਤਦ ਤਕ ਖ਼ੁਦਾ ਕਿਸੇ ਨਾ ਕਿਸੇ ਤਰ੍ਹਾਂ ਨਾਲ ਆਪਣੇ ਨੇਕ ਇਰਾਦਿਆਂ ਨੂੰ ਪੂਰਾ ਕਰਨ ਲਈ ਸਾਡੇ ਹਾਲਾਤ ਵਿਚ ਅਤੇ ਉਨ੍ਹਾਂ ਦੇ ਰਾਹੀਂ ਕਿਸੇ ਨਾ ਕਿਸੇ ਤਰੀਕੇ ਨਾਲ ਕੰਮ ਕਰ ਰਿਹਾ ਹੁੰਦਾ ਹੈ। ਇਹ ਜਾਣਨਾ ਸਕੂਨ ਦੇਣ ਵਾਲਾ ਹੈ!

ਕਈ ਵਾਰ ਅਸੀਂ ਆਪਣੇ ਆਪ ਨੂੰ ਮੁਸ਼ਕਿਲ ਹਾਲਾਤ ਵਿਚ ਪਾਉਂਦੇ ਹਾਂ, ਜੋ ਸ਼ਾਇਦ ਅਸਤਰ ਦੇ ਸਮੇਂ ਯਹੂਦੀਆਂ ਦੇ ਸਾਹਮਣੇ ਆਏ ਹਾਲਾਤ ਨਾਲ ਮਿਲਾਏ ਵੀ ਨਹੀਂ ਜਾ ਸਕਦੇ। ਸਾਨੂੰ ਅਜਿਹਾ ਲਗ ਸਕਦਾ ਹੈ ਜਿਵੇਂ ਅਸੀਂ ਘਰ ਤੋਂ ਦੂਰ ਹੋਈਏ, ਅਜਨਬੀਆਂ ਨਾਲ ਘਿਰੇ ਹੋਈਏ ਜਿਨ੍ਹਾਂ ਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਕਿ ਅਸੀਂ ਜੀਵੀਏ ਜਾਂ ਮਰੀਏ। ਕਈ ਵਾਰ ਦੁਸ਼ਮਣਾਂ ਤੋਂ ਖ਼ੌਫ਼ਜ਼ਦਾ ਹੋ ਸਕਦੇ ਹਾਂ। ਸਾਰੇ ਦੁਸ਼ਮਣ ਅਜਿਹੇ ਨਹੀਂ ਹੁੰਦੇ ਕਿ ਉਹ ਸਾਨੂੰ ਮਾਰ ਸੁੱਟਣ ਦੀ ਧਮਕੀ ਦੇਣ; ਬਿਮਾਰੀ,

ਨਿਰਾਸ਼ਾ, ਗ਼ਰੀਬੀ ਅਤੇ ਇਕੱਲਾਪਨ ਵੀ ਡਰਾਉਣੇ ਹੋ ਸਕਦੇ ਹਨ। ਬਜ਼ੁਰਗਾਂ ਨੂੰ ਲਗ ਸਕਦਾ ਹੈ ਕਿ ਉਹ ਦੁਪਿਆਰੇ, ਉਨ੍ਹਾਂ ਦੀ ਕੋਈ ਪਰਵਾਹ ਨਹੀਂ ਕਰਦਾ ਐਤ ਉਨ੍ਹਾਂ ਨੂੰ ਕੋਈ ਸਲਾਹੁੰਦਾ ਨਹੀਂ ਐਤ ਪਰਿਵਾਰ ਅਤੇ ਮਿੱਤਰਾਂ ਵੱਲੋਂ ਉਨ੍ਹਾਂ ਨੂੰ ਛੱਡ ਦਿੱਤਾ ਗਿਆ ਹੈ। ਕਈ ਹਾਲਾਤ ਵਿਚ, ਪਰ ਦੁੱਖ ਝੱਲ ਰਹੇ ਲੋਕਾਂ ਨੂੰ ਲਗ ਸਕਦਾ ਹੈ ਕਿ ਕੋਈ ਰਾਹਤ ਨਹੀਂ ਹੈ, ਮਦਦ ਲਈ ਕੋਈ ਵਸੀਲਾ ਨਹੀਂ ਹੈ।

ਆਪਣੇ ਸਭ ਤੋਂ ਮੁਸ਼ਕਿਲ ਸਮਿਆਂ ਵਿਚ, ਸਾਨੂੰ ਖ਼ੁਦਾ ਨੂੰ ਲੱਭਣ ਵਿਚ ਮੁਸ਼ਕਿਲ ਹੋ ਸਕਦੀ ਹੈ। ਸਾਨੂੰ ਲਗ ਸਕਦਾ ਹੈ ਕਿ ਉਹ ਦੂਰ ਚਲਿਆ ਗਿਆ ਹੈ। ਭਾਵ ਉਹ ਇੱਥੇ ਨਹੀਂ ਹੈ, ਖ਼ਾਸਮੋਸ਼ ਹੈ। ਅਸੀਂ ਦੁਆ ਕਰਦੇ ਹਾਂ, ਪਰ ਲਗਦਾ ਨਹੀਂ ਕਿ ਉਹ ਜਵਾਬ ਦਿੰਦਾ ਹੈ। ਅਸੀਂ ਉਸ ਦੀ ਮਦਦ ਲਭਦੇ ਹਾਂ, ਪਰ ਲਗਦਾ ਹੈ ਕਿ ਉਹ ਉਹ ਨੂੰ ਸਾਡੀਆਂ ਲੋੜਾਂ ਦਾ ਪਤਾ ਨਹੀਂ ਹੈ। ਅਸੀਂ ਪੁਕਾਰ ਉੱਠਦੇ ਹਾਂ, ''ਐ ਖ਼ੁਦਾ, ਤੂੰ ਕਿੱਥੇ ਹੈਂ, ਜਦ ਮੈਨੂੰ ਤੇਰੀ ਲੋੜ ਹੈ?''

ਅਜਿਹੇ ਹਾਲਾਤ ਵਿਚ, ਅਸਤਰ ਸਾਡੀਆਂ ਲੋੜਾਂ ਦੀ ਗੱਲ ਕਰਦੀ ਹੈ। ਕਿਤਾਬ ਇਹ ਵਿਖਾਉਂਦੀ ਹੈ ਕਿ ਜਦ ਲੱਗੇ ਕਿ ਜ਼ਿੰਦਗੀ ਬਿਲਕੁਲ ਹਨੇਰਾ ਹੈ, ਫਿਰ ਵੀ ਖ਼ੁਦਾ ਸਾਨੂੰ ਅਨੰਦ ਅਤੇ ਖ਼ੁਸ਼ੀ ਦੁਆਉਣ ਲਈ ਕੰਮ ਕਰ ਰਿਹਾ ਹੁੰਦਾ ਹੈ। ਇਹ ਵਿਖਾਉਂਦੀ ਹੈ ਕਿ ਜਦ ਇਹ ਲੱਗੇ ਕਿ ਖ਼ੁਦਾ ਦਾ ਧਿਆਨ ਨਹੀਂ ਹੈ, ਤਦ ਵੀ ਉਹ ਨੂੰ ਸਾਡੀ ਚਿੰਤਾ ਹੁੰਦੀ ਹੈ। ਉਹ ਆਪਣੇ ਨੇਕ ਇਰਾਦੇ ਨੂੰ ਪੂਰਾ ਕਰਨ ਲਈ ਸਾਡੇ ਹਾਲਾਤ ਦੇ ਰਾਹੀਂ ਕੰਮ ਕਰਦੇ ਹੋਏ ਸਾਨੂੰ ਬਰਕਤ ਦਿੰਦਾ ਰਹੇਗਾ। ਇਹ ਕਿਤਾਬ ਇਹ ਸਾਬਿਤ ਕਰਦੀ ਹੈ ਕਿ ਖ਼ੁਦਾ ਸਭ ਤੋਂ ਮੁਸ਼ਕਿਲ ਹਾਲਾਤ ਵਿਚ ਵੀ ਅਤੇ ਸ਼ਾਇਦ ਉਨ੍ਹਾਂ ਲੋਕਾਂ ਦੇ ਰਾਹੀਂ ਜਿਨ੍ਹਾਂ ਦੀ ਸਾਨੂੰ ਕੋਈ ਉਮੀਦ ਨਹੀਂ ਹੁੰਦੀ ਸਾਡੇ ਵਿਚ ਹੁੰਦਾ ਹੈ ਅਤੇ ਸਾਡੇ ਮਦਦ ਕਰ ਸਕਦਾ ਹੈ।

ਇਸ ਕਰਕੇ ਸਾਡੇ ਵਿੱਚੋਂ ਹਰ ਕਿਸੇ ਲਈ ਅਸਤਰ ਦਾ ਸੁਨੇਹਾ ਇਹ ਹੈ ਕਿ ਜੇ ਤੁਸੀਂ ਖ਼ੁਦਾ ਦੇ ਬਾਲਕ ਹੋ ਤਾਂ ਤੁਸੀਂ ਆਪਣੀ ਕਹਾਣੀ ਭਾਵ ਆਪਣੀ ਜ਼ਿੰਦਗੀ ਦੇ ਰਾਹੀਂ ਖ਼ੁਦਾ ਦੇ ਰੱਬੀ ਇੰਤਜ਼ਾਮ ਦੇ ਕੰਮ ਕਰਨ ਨੂੰ ਯਕੀਨਨ ਜਾਣ ਸਕਦੇ ਹਾਂ, ਤੁਹਾਡੇ ਹਾਲਾਤ ਭਾਵੇਂ ਕਿੰਨੇ ਵੀ ਮੁਸ਼ਲਿ ਹੋਣ।

*ਸਾਰ।* ਅਸਤਰ ਦੀ ਕਿਤਾਬ ਸਾਨੂੰ ਦੋ ਤਰ੍ਹਾਂ ਨਾਲ ਚੁਣੌਤੀ ਦਿੰਦੀ ਹੈ।

ਪਹਿਲਾ, ਇਹ ਸਾਨੂੰ ਹਮੇਸ਼ਾ ਉਹੀ ਕਰਨ ਦੀ ਚੁਣੌਤੀ ਦਿੰਦੀ ਹੈ ਜੋ ਸਹੀ ਹੈ। ਕਿਤਾਬ ਮੁੱਖ ਤੌਰ ਤੇ ਯਹੂਦੀਆਂ ਨੂੰ ਬਚਾਉਣ ਲਈ ਖ਼ੁਦਾ ਦੇ ਰੱਬੀ ਇੰਤਜ਼ਾਮ ਦੇ ਕੰਮ ਕਰਨ ਬਾਰੇ ਹੈ। ਪਰ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਕਹਾਣੀ ਵਿਚ ਮਾਰਦਕਈ ਅਤੇ ਅਸਤਰ ਨੇ ਅਹਿਮ ਭੂਮਿਕਾਵਾਂ ਨਿਭਾਈਆਂ। ਉਨ੍ਹਾਂ ਨੇ ਇਸ ਦਾ ਸੁਖਦ ਅੰਤ ਲਿਆਉਣ ਵਿਚ ਮਦਦ ਲਈ ਸਮਝਦਾਰੀ ਅਤੇ ਦਲੇਰੀ ਨਾਲ ਕੰਮ ਕੀਤਾ। ਇਹ ਤੱਥ ਸਾਨੂੰ ਯਾਦ ਦੁਆਉਣ ਵਾਲਾ ਹੋਣਾ ਚਾਹੀਦਾ ਹੈ ਕਿ ਖ਼ੁਦਾ ਮਨੁੱਖਾਂ ਦੇ ਮਾਮਲਿਆਂ ਵਿਚ ਕੰਮ ਕਰਦਾ ਹੈ; ਪਰ ਕਈ ਵਾਰ ਉਹ ਸਮਝਦਾਰ, ਬਹਾਦਰ ਅਤੇ ਵਫ਼ਾਦਾਰ ਆਦਮੀਆਂ ਅਤੇ ਔਰਤਾਂ ਨੂੰ ਆਪਣੇ ਇਰਾਦਿਆਂ ਨੂੰ ਪੂਰਾ ਕਰਨ ਨਈ ਵਰਤ ਕੇ ਆਪਣਾ ਕੰਮ ਕਰਦਾ ਹੈ। ਸਾਨੂੰ ਖ਼ੁਦਾ ਤੇ ਨਿਰਭਰ ਰਹਿਣਾ ਜ਼ਰੂਰੀ ਹੈ; ਪਰ ਇਸ ਦੇ ਨਾਲ ਹੀ ਉਸ ਨੂੰ ਪੂਰਾ ਕਰਨ ਦੀਆਂ ਜ਼ਿੰਮੇਵਾਰੀਆਂ ਸਾਡੀਆਂ ਹਨ। ਸਾਨੂੰ ਉਸ ਦੇ ਵਫ਼ਾਦਾਰ ਰਹਿਣਾ ਜ਼ਰੂਰੀ ਹੈ; ਉਸ ਦੀ ਇੱਛਾ ਨੂੰ ਪੂਰਾ ਕਰਨ ਵਿਚ ਦਲੇਰ ਬਣਨਾ, ਤਦ ਵੀ ਜੇ ਸਾਡੇ ਧਰਮੀ ਵਿਹਾਰ ਨਾਲ ਸਾਨੂੰ ਦੁੱਖ ਮਿਲੇ; ਅਤੇ ਸਮਝਦਾਰੀ ਨਾਲ ਕੰਮ ਕਰਨ ਲਈ ਤਿਆਰ ਰਹਿਣਾ। ਖ਼ੁਦਾ ਦੀ ਮਦਦ ਨਾਲ ਅਸੀਂ ਵੱਧ ਤੋਂ ਵੱਧ ਭਲਿਆਈ ਕਰ ਸਕਦੇ ਹਾਂ।

ਦੂਜਾ, ਕਿਤਾਬ ਸਾਨੂੰ ਆਪਣੇ ਆਪ ਇਹ ਸਵਾਲ ਕਰਨ ਦੀ ਚੁਣੌਤ ਦਿੰਦੀ ਹੈ ਕਿ ''ਭਲਾ ਮੈਂ ਅਜਿਹੇ ਹੀ ਸਮੇਂ ਲਈ ਰਾਜ ਵਿਚ ਆਇਆ ਹਾਂ?'' ਦੂਜੇ ਸ਼ਬਦਾਂ ਵਿਚ, ਸਾਨੂੰ ਉਸ ਸੰਵਨਾਂ ਉੱਤੇ ਵਿਚਾਰ ਕਰਨਾ ਚਾਹੀਦਾ ਹੈ ਕਿ ਖ਼ੁਦਾ ਨੇ ਆਪਣੇ ਰੱਬੀ ਇੰਤਜ਼ਾਮ ਵਿਚ ਸਾਨੂੰ ਕਿਸੇ ਖ਼ਾਸ ਅਹੁਦੇ ਉੱਤੇ ਰੱਖਿਆ ਹੈ ਤਾਂ ਕੋਈ ਖ਼ਾਸ ਮੌਕਾ ਦਿੱਤਾ ਹੈ ਤਾਂ ਜੋ ਅਸੀਂ ਕੁਝ ਅਜਿਹਾ ਹਾਸਿਲ ਕਰ ਸਕੀਏ ਜਿਹੜਾ ਉਹਦੇ ਰਾਜ ਲਈ ਚੰਗਾ ਹੈ। ਯੋਜਨਾ ਰਹਿਤ ਅਤੇ ਅਚਾਨਕ ਅਚਨਚੇਤ ਹਾਲਾਤ ਸਾਡੇ ਵਿੱਚੋਂ ਕਈਆਂ ਨੂੰ ਵਿਦੇਸ਼ੀ ਮਿਸ਼ਨਰੀਆਂ ਜਾਂ ਸਮਾਜ ਦੇ ਆਗੂਆਂ ਦੇ ਅਹੁਦੇ ਤੇ ਲਾ ਸਕਦੇ ਹਾਂ। ਅਸੀਂ ਸੰਗੀਤਕਾਰ,

ਰਾਜਨੇਤਾ, ਡਾਕਟਰ, ਜਾਂ ਨਰਸਾਂ ਬਾਰੇ ਦੂਜਿਆਂ ਨੂੰ ਬਰਕਤ ਦੇ ਸਕਦੇ ਹਾਂ। ਸਾਡੇ ਵਿੱਚੋਂ ਕਈ ਆਪਣੇ ਆਪ ਨੂੰ ਕਲੀਸੀਆ ਵਿੱਚੋਂ ਐਲਡਰਾਂ ਦੇ ਤੌਰ ਤੇ ਸੇਵਾ ਕਰਦਿਆਂ ... ਜਾਂ ਬੱਚਿਆਂ ਨਾਲ ਕੰਮ ਕਰਦਿਆਂ ... ਜਾਂ ਬੱਚਿਆਂ ਲਈ ਸਾਹਿਤ ਤਿਆਰ ਕਰਦਿਆਂ ਪਾ ਸਕਦੇ ਹਾਂ। ਆਪਣੇ ਆਪ ਨੂੰ ਜਿੱਥੇ ਵੀ ਪਾਈਏ, ਸਾਨੂੰ ਚਾਹੀਦਾ ਹੈ ਕਿ ਇਹ ਸਵਾਲ ਪੁੱਛੀਏ, ਭਲਾ ਖ਼ੁਦਾ ਨੇ ਸਾਨੂੰ ਇੱਥੇ ਰੱਖਿਆ ਹੈ? ਸਾਨੂੰ ਇਸ ਉੱਤੇ ਖ਼ੁਦਾ ਨੇ ਸਾਡੀਆਂ ਜ਼ਿੰਦਗੀਆਂ ਨੂੰ ਇਵੇਂ ਤਰਤੀਬ ਕਿਵੇਂ ਦੇ ਦਿੱਤੀ ਜਿਸ ਨਾਲ ਸਾਨੂੰ ਉਸ ਦੇ ਰਾਜ ਵਿਚ ਭਲਾ ਕਰਨ, ਰੂਹਾਂ ਨੂੰ ਬਚਾਉਣ, ਦੂਜਿਆਂ ਦੀ ਮਦਦ ਕਰਨ, ਉਸ ਦੇ ਨਾਮ ਨੂੰ ਵਡਿਆਈ ਦਵਾਉਣ ਦੇ ਮੌਕੇ ਮਿਲਣ। ਜਦ ਅਸੀਂ ਇਸ ਸੰਭਾਵਨਾ ਨੂੰ ਵੇਖਦੇ ਹਾਂ ਕਿ ਖ਼ੁਦਾ ਨੇ ਸਾਨੂੰ ਕਿਸੇ ਅਜਿਹੇ ਅਹੁਦੇ ਉੱਤੇ ਰੱਖਿਆ ਹੈ ਜਾਂ ਕੋਈ ਖ਼ਾਸ ਮੌਕਾ ਦਿੱਤਾ ਹੈ, ਤਾਂ ਸਾਨੂੰ ਚਾਹੀਦਾ ਹੈ ਕਿ ਉਵੇਂ ਹੀ ਪ੍ਰਤੀਕਿਰਿਆ ਦਈਏ ਜਿਵੇਂ ਇਕ ਅਰਥ ਵਿਚ ਅਸਤਰ ਨੇ ਇਹ ਆਖ ਕੇ ਦਿੱਤੀ, ''ਮੈਂ ਖ਼ੁਦਾ ਵੱਲੋਂ ਮਿਲੇ ਮੌਕੇ ਦੀ ਚੁਣੌਤੀ ਨੂੰ ਸਵੀਕਾਰ ਕਰਾਂਗਾ, ਭਾਵੇਂ ਜੋ ਵੀ ਹੋ ਜਾਵੇ। ਮੈਂ ਉਸ ਦੀ ਇੱਛਾ ਨੂੰ ਪੂਰਾ ਕਰਾਂਗਾ/ਕਰਾਂਗੀ; ਅਤੇ ਜੇ ਮੈਂ ਮਿਟ ਗਿਆ/ਗਈ ਤਾਂ ਮਿਟ ਗਿਆ/ਗਈ।''

---

ਟਿੱਪਣੀਆਂ

[1]ਮਾਈਕਲ ਵੀ. ਫ਼ੌਕਸ, *ਕਰੈਕਟਰ ਐਂਡ ਆਇਡਿਓਲੋਜੀ ਇਨ ਦ ਬੁਕ ਆਫ਼ ਅਸਤਰ*, ਜਿਲਦ 2ਜੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 2001), 128. [2]ਅਡੇਲੇ ਬਰਲਿਨ, *ਅਸਤਰ*, ਦ ਜੇਪੀਐਸ ਬਾਈਬਲ ਕਮੈਂਟਰੀ (ਫ਼ਿਲਾਡੈਲਫ਼ੀਆ: ਜਿਊਜ਼ ਪਬਲੀਕੇਸ਼ਨ ਸੋਸਾਇਟੀ, 2001), 94. [3]TEV ਵਿਚ 10:1 ਵਿਚ ''ਜਬਰੀ ਮਜ਼ਦੂਰੀ'' ਕੀਤਾ ਗਿਆ ਹੈ। [4]ਕੈਰੀ ਏ. ਮੂਰ, *ਅਸਤਰ*, ਦ ਐਂਕਰ ਬਾਈਬਲ, ਜਿਲਦ 7ਬੀ (ਨਿਊ ਯਾਰਕ: ਡਬਲਡੇ ਐਂਡ ਕੰ., 1971), 99. [5]*ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ*, ਜਿਲਦ 4, *1 ਰਾਜਿਆਂ–ਅੱਯੂਬ*, ਸੰਪਾ. ਫ਼੍ਰੈਂਕ ਈ. ਗੇਬਲਾਇਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1988), 839 ਵਿਚ ਐੱਫ਼. ਬੀ. ਹੁਏ, ਜੂਨੀਅਰ, ''ਅਸਤਰ।'' [6]ਜੋਇਸ ਜੀ. ਬਾਲਡਵਿਨ, *ਅਸਤਰ*, ਦ ਟਿੰਡੇਲ ਓਲਡ ਟੈਸਮਟਾਮੈਂਟ ਕਮੈਂਟਰੀ (ਡਾਉਨਰਜ਼ ਗ੍ਰੋਵ, ਇਲਿਨੋਇ: ਇੰਟਰ–ਵਰਸਿਟੀ ਪ੍ਰੈੱਸ, 1984), 115. [7]''ਉਹਦੀ ਨਸਲ'' ਦੀ ਥਾਂ ਕਈ ਸੰਸਕਰਣਾਂ ਵਿਚ ''ਉਹਦੀਆਂ ਨਸਲਾਂ'' ਹੈ (NEB; REB; TEV; NLT) ਜਿਹਦਾ ਮਤਲਬ ਯਹੂਦੀਆਂ ਦੀ ਸੰਤਾਨ ਹੋਵੇਗਾ। [8]ਬਾਲਡਵਿਨ, 115.